

# ਹੁਕਮਿ

ਪ੍ਰੀਤ ਸਿੰਘ ਭੈਣੀ

# ਹੁਕਮਿ

ਪ੍ਰੀਤ ਸਿੰਘ ਭੈਣੀ

@Writer

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

PREET SINGH BHAINI
PUBLICATION



Hukam

By

Preet Singh Bhaini

Mob : +91 97793 24826

E-mail : preetsinghbhaini@gmail.com

Instagram : @preetsinghbhaini

Published on : 09 October 2024

# ਸਮਰਪਣ

## ਮੇਰੀ ਮਾਂ ਦੇ ਨਾਂਅ

# ਹੁਕਮਿ

**ਜਾਤਸਯ ਹਿ ਧ੍ਰੁਵੋ ਮ੍ਰਿਤਯੁ ਧ੍ਰੁਵਮ ਜਨਮ ਮ੍ਰਿਤਸਯ ਚ।**

**ਤਸਮਾਦ ਅਪਰਿਹਾਰਯੇ ਅਰਥੇ ਨ ਤਵਮ ਸ਼ੋਚਿਤੁਮ ਅਰ੍ਹਸਿ॥**

ਭਗਵਤ ਗੀਤਾ। ਅਧਿਆਇ ਦੂਜਾ। ਸਲੋਕ ੨੭.

ਜੋ ਜੰਮਦਾ ਹੈ, ਉਹਦਾ ਮਰਨਾ ਲਾਜ਼ਮੀ ਹੈ ਅਤੇ ਜੋ ਮਰ ਜਾਂਦਾ ਹੈ, ਉਸ ਦਾ ਜਨਮ ਲੈਣਾ ਲਾਜ਼ਮੀ ਹੈ, ਇਸ ਲਈ ਜੋ ਹਰ ਹਾਲਤ ਵਿਚ ਹੋ ਕੇ ਰਹਿਣਾ ਹੈ, ਜਿਸ ਨੂੰ ਕਿਸੇ ਸੂਰਤ ਵਿਚ ਟਾਲਿਆ ਨਹੀਂ ਜਾ ਸਕਦਾ, ਤੈਨੂੰ ਉਸਦੀ ਖ਼ਾਤਰ ਦੁਖੀ ਨਹੀਂ ਹੋਣਾ ਚਾਹੀਦਾ।

**ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥**

**ਇਹ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥**

ਸ੍ਰੀ ਗੁਰੂ ਗ੍ਰੰਥ ਸਾਹਿਬ। ਅੰਗ ੧੪੨੯.

ਮੌਤ ਆਦਿਕ ਜਾਂ ਉਸ ਘਟਨਾ ਦੀ ਚਿੰਤਾ ਕਰਨੀ ਚਾਹੀਦੀ ਹੈ ਜਿਹੜੀ ਕਦੇ ਵਾਪਰਨ ਵਾਲੀ ਨਾਹ ਹੋਵੇ॥ ਹੇ ਨਾਨਕ, ਜਗਤ ਦੀ ਤਾਂ ਚਾਲ ਹੀ ਇਹ ਹੈ ਕਿ ਇਥੇ ਕੋਈ ਜੀਵ ਭੀ ਸਦਾ ਕਾਇਮ ਰਹਿਣ ਵਾਲਾ ਨਹੀਂ ਹੈ॥

"ਮੈਂ ਮੌਤ ਦੇ ਫਲਸਫ਼ਿਆਂ ਤੋਂ ਚੰਗੀ ਤਰ੍ਹਾਂ ਜਾਣੂ ਹਾਂ, ਪਿਆਰੇ ਗੋਵਿੰਦ। ਜਿਸਨੇ ਅੱਖ ਖੁੱਲ੍ਹਦੇ ਹੀ ਮਾਂ ਗਵਾ ਲਈ ਹੋਵੇ ਤੇ ਜਵਾਨੀ 'ਚ ਪੈਰ ਧਰਦੇ ਹੀ ਪਿਤਾ, ਜਿਸਨੇ ਆਪਣੀ ਬਿਮਾਰ ਭੈਣ ਨੂੰ ਡੇਢ ਸਾਲ ਮੰਜੇ 'ਤੇ ਸਾਂਭਿਆ ਤੇ ਫਿਰ ਉਸਦੀ ਅਰਥੀ ਨੂੰ ਲਾਬੂੰ ਲਾਇਆ ਹੋਵੇ, ਕੀ ਲੱਗਦਾ ਉਹ ਮੌਤ ਦੇ ਇਹਨਾਂ ਵੱਡੇ ਵੱਡੇ ਬਿਆਨਾਂ ਤੋਂ ਅਨਜਾਣ ਹੋਵੇਗਾ?"

ਗੋਵਿੰਦ ਨੇ ਜਦੋਂ ਸ੍ਰੀ ਭਗਵਤ ਗੀਤਾ ਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਚੋਂ ਆਪਣੇ ਮਿੱਤਰ ਨਾਨਕ ਦਾ ਮੌਤ ਦੇ ਬਾਰੇ ਲਿਖੇ ਕੁਝ ਸੱਚਾਂ ਨਾਲ ਤਾਰੁਫ਼ ਕਰਵਾਇਆ ਤਾਂ ਅੱਗੇ ਨਾਨਕ ਨੇ ਬੜੇ ਹੀ ਪਿਆਰ ਨਾਲ ਉਸਤੇ ਪਿਛਲੇ ਕੁਝ ਵਕਤ 'ਚ ਢਏ ਅਤਿਅੰਤ ਦੁੱਖਾਂ ਨੂੰ ਯਾਦ ਕਰਾਉਂਦੇ ਦੱਸਿਆ ਕਿ ਉਸਦਾ ਸਬਰ ਕਿੰਨਾ ਵੱਡਾ ਹੈ। ਤਾਂ ਗੋਵਿੰਦ ਨੇ ਕਿਹਾ,

"ਨਾਨਕ, ਮੈਂ ਤੈਨੂੰ ਕੋਈ ਪਰਵਚਨ ਨਹੀਂ ਸੁਣਾ ਰਿਹਾ ਇਹ ਤਾਂ ਭਗਵਾਨ ਸ੍ਰੀ ਕ੍ਰਿਸ਼ਨ ਤੇ ਨੌਵੇਂ ਗੁਰੂ ਸਾਹਿਬ ਦੀ ਲਿਖੀ ਬਾਣੀ ਯਾਦ ਆ ਗਈ ਤਾਂ ਤੇਰੀ ਮਨੋਸਥਿਤੀ ਦੇ ਹਿਸਾਬ ਨਾਲ ਮੈਨੂੰ ਇਹੋ ਹੀ ਕਹਿਣੀ ਢੁੱਕਵੀਂ ਲੱਗੀ। ਮੈਂ ਚੰਗੀ ਤਰ੍ਹਾਂ ਜਾਣੂ ਹਾਂ ਕਿ ਜਿੰਨਾ ਤੈਨੂੰ ਧਰਮਾਂ ਕਰਮਾਂ ਬਾਰੇ ਪਤਾ ਹੈ ਸ਼ਾਇਦ ਹੀ ਮੈਨੂੰ ਪਤਾ ਹੋਵੇ, ਮੈਂ ਸੱਚ ਕਹਾਂ ਤਾਂ ਮੈਂ ਘਰੋਂ ਜਦੋਂ ਵੀ ਮੰਮੀ ਨੂੰ ਤੈਨੂੰ ਮਿਲਣ ਲਈ ਆਖ ਕੇ ਨਿਕਲਦਾ ਹਾਂ ਤਾਂ ਇਹ ਨਹੀਂ ਆਖਦਾ ਕਿ ਆਪਣੇ ਬੇਲੀ ਨਾਨਕ ਨੂੰ ਮਿਲਣ ਚੱਲਿਆ ਹਾਂ, ਮੈਂ ਤਾਂ ਹਮੇਸ਼ਾ ਆਖਦਾ ਹਾਂ ਕਿ ਪਾਰਬ੍ਰਹਮ ਦੇ ਕੋਲੋਂ ਹੋ ਕੇ ਆਉਂਦਾ ਮੰਮੀ।"

"ਹਾਹਾਹਾਹਾ... ਤੂੰ ਬੜੀਆਂ ਦਿਲ ਖਿਚਵੀਆਂ ਗੱਲਾਂ ਕਰਦਾ ਏ ਸੋਹਣੇ ਗੋਵਿੰਦ, ਤੇਰੀ ਹਰ ਗੱਲ 'ਚ ਮੇਰੀ ਸਿਫ਼ਤ ਹੁੰਦੀ ਹੈ ਤੇ ਮੇਰੀ ਹਰ ਗੱਲ 'ਚ ਤੇਰੀ ਗੱਲ ਦੀ ਰੋਕਾ ਟੋਕੀ। ਮੈਨੂੰ ਵੀ ਕਿਉਂ ਨਹੀਂ ਤੂੰ ਆਪਣੇ ਵਰਗਾ ਕਰ ਲੈਂਦਾ।"

"ਨਾਨਕਾ ਕਿਉਂ ਮਿੱਟੀ ਫੋਲਦਾ ਏ, ਮੈਂ ਤੇ ਆਪ ਤੇਰੇ ਵਰਗਾ ਹੋਣਾ ਚਾਹੁੰਦਾ ਤੇ ਹਰ ਵੇਲੇ ਤੇਰੇ ਵਰਗੇ ਹੋਣ ਦੀ ਕੋਸ਼ਿਸ਼ 'ਚ ਰਹਿੰਦਾ ਤੇ ਤੂੰ ਮੇਰੇ ਨਾਲ ਰਲਣ ਦੇ ਮਜ਼ਾਕ ਕਰਦਾ ਏ।"

"ਗੋਵਿੰਦ ਮੈਨੂੰ ਨਹੀਂ ਲੱਗਦਾ ਕਿ ਅੱਜ ਇੱਕਵੀਂ ਸਦੀ ਦੇ ਦੌਰ 'ਚ ਜਦੋਂ 2024 ਵਾਂ ਸਾਲ ਚੱਲ ਰਿਹਾ ਤੇ ਆਪਣੇ ਵਾਂਗ ਕੋਈ ਇੰਞ ਗੱਲਾਂ ਕਰਦਾ ਹੋਵੂ।"

"ਕਿਵੇਂ ਕਰੂ ਭਲਾ ਭਈ, ਕਿਤੇ ਨਾਨਕ ਤੇ ਗੋਵਿੰਦ ਯਾਰ ਵੀ ਤਾਂ ਨਹੀਂ ਬਣ ਕੇ ਬੈਠੇ।"

"ਗੋਵਿੰਦ ਮੈਂ ਨਹਿਰੂ ਕੰਪਲੈਕਸ ਨੂੰ ਜਾਣਾ ਜਰਾ, ਸ਼ਾਮ ਨੂੰ ਮਿਲਾਂਗਾ, ਪਰਿੰਟਰ ਦੀ ਸ਼ਾਹੀ ਮੁੱਕ ਗਈ ਏ, ਜਿਹੜੇ ਵੀ ਪੇਜ ਨਿਕਲਦੇ ਵਾਵਾ ਈ ਫਿੱਕੇ ਨੇ।"

"ਚੱਲ ਤੂੰ ਹੋ ਕੇ ਆ ਸ਼ਾਮ ਨੂੰ ਤੈਨੂੰ ਯੂਨੀਵਰਸਿਟੀ ਮਿਲਾਂਗਾ।"

"ਨਹੀਂ ਯਾਰ ਅੱਜ ਸ਼ਾਇਦ ਯੂਨੀਵਰਸਿਟੀ ਨਾ ਆਇਆ ਜਾਵੇ, ਸਾਰੀ ਰਾਤ ਨੀਂਦ ਨਹੀਂ ਆਈ ਤੇ ਸਰੀਰ ਢਿੱਲਾ ਢਿੱਲਾ ਜਿਹਾ ਲੱਗਦਾ, ਸੋਚਦਾ ਘਰੇ ਆਰਾਮ ਕਰਾਂ।"

"ਚੱਲ ਤੈਨੂੰ ਜਿੱਦਾਂ ਠੀਕ ਲੱਗਦਾ, ਮਿਲਦੇ ਬਾਅਦ 'ਚ।"

ਗੋਵਿੰਦ ਕੁਰਸੀ ਤੋਂ ਉਠਿਆ ਤੇ ਆਪਣੇ ਘਰ ਨੂੰ ਤੁਰ ਪਿਆ। ਨਾਨਕ ਅਜੇ ਵੀ ਕੁਰਸੀ 'ਤੇ ਬੈਠਾ ਸੀ, ਘਰ ਦੀ ਛੱਤ 'ਤੇ ਬੈਠਾ ਹੀ, 'ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥' ਬੋਲਦਾ ਹੇਠਾਂ ਉਤਰ ਆਇਆ।

ਨਾਨਕ ਨੇ ਪਰਨਾ ਬੰਨ੍ਹਿਆ ਤੇ ਘਰ ਨੂੰ ਤਾਲਾ ਮਾਰ ਮੋਟਰਸਾਇਕਲ ਚੁੱਕ ਨਹਿਰੂ ਕੰਪਲੈਕਸ ਨੂੰ ਨਿਕਲ ਗਿਆ। ਕੋਟ ਖ਼ਾਲਸਾ ਦੇ ਫਾਟਕ ਪਾਰ ਘਰ ਹੋਣ ਕਾਰਨ ਉਸਨੇ ਦਿਨ 'ਚ ਜਿੰਨੀ ਵਾਰ ਵੀ ਲੰਘਣਾ ਜਾਂ ਤਾਂ ਫਾਟਕ 'ਤੇ ਬਹੁਤੀ ਭੀੜ ਮਿਲਣੀ ਜਾਂ ਫਿਰ ਬੰਦ ਹੋਣਾ ਤੇ ਉਸਦਾ ਬਹੁਤਾ ਵਕਤ ਫਾਟਕ 'ਤੇ ਹੀ ਖਰਾਬ ਹੋ ਜਾਣਾ। ਅੱਜ ਵੀ ਇੰਝ ਹੀ ਹੋਇਆ ਸੀ ਘਰੋਂ ਨਿਕਲਦੇ ਨੂੰ ਹੀ ਫਾਟਕ ਬੰਦ ਮਿਲਿਆ। ਪਰ ਚੰਗਾ ਇਹ ਵੀ ਹੋਇਆ ਕਿ ਉਹਦੇ ਸਾਹਮਣੇ ਬਹੁਤੇ ਲੋਕ ਨਹੀਂ ਸੀ, ਫਾਟਕ ਦੇ ਬਿਲਕੁਲ ਨੇੜੇ ਹੋ ਹੀ ਉਹ ਖੜਾ ਸੀ। ਕਰੀਬ ਪੰਜ ਮਿੰਟਾਂ ਪਿੱਛੋਂ ਗੱਡੀ ਆਈ ਤੇ ਫਿਰ ਉਹ ਫਾਟਕ ਪਾਰ ਕਰ ਘਰ ਨਹਿਰੂ ਕੰਪੈਕਸ ਨੂੰ ਨਿਕਲ ਤੁਰਿਆ। ਨਹਿਰੂ ਕੰਪਲੈਕਸ ਬਹੁਤਾ ਦੂਰ ਨਾ ਹੋਣ ਕਾਰਨ ਉਹਨੂੰ ਮਸਾਂ ਦਸ ਕੁ ਮਿੰਟ ਹੀ ਲੱਗੇ। ਉਸਨੇ ਸ਼ਿਆਹੀ ਲਈ ਤੇ ਮੁੜ ਮੋਟਰਸਾਇਕਲ 'ਤੇ ਚੜ੍ਹ ਘਰ ਨੂੰ ਰਵਾਨਾ ਹੋ ਗਿਆ। ਅਜੇ ਉਹ ਚੌਂਕ 'ਚ ਪਹੁੰਚਿਆ ਹੀ ਕਿ ਉਸਦੇ ਫ਼ੂਨ ਤੇ ਘੰਟੀ ਵੱਜੀ। ਉਂਝ ਤਾਂ ਉਸਦਾ ਇਹ ਪੱਕਾ ਅਸੂਲ ਸੀ ਮੋਟਰਸਾਇਕਲ ਚਲਾਉਂਦੇ ਭਾਵੇਂ ਕਿਸੇ ਦਾ ਵੀ ਫ਼ੂਨ ਕਿਉਂ ਨਾ ਆਵੇ ਉਹ ਕਦੇ ਨਹੀਂ ਸੀ ਚੁੱਕਦਾ, ਪ੍ਰੰਤੂ ਲਾਲ ਬੱਤੀ ਕਾਰਨ ਰੁਕਿਆ ਸੀ ਤਾਂ ਉਸਨੇ ਫ਼ੂਨ ਕੱਢ ਦੇਖਿਆ। ਗੋਵਿੰਦ ਦਾ ਫ਼ੂਨ ਸੀ, ਨਾਨਕ ਨੇ ਚੁੱਕਿਆ ਤੇ ਬੋਲਿਆ,

"ਹਾਂ ਗੁਰੂ, ਕੀ ਗੱਲ?"

"ਨਾਨਕ ਕਿੱਥੇ ਆ?"

"ਆ ਨਹਿਰੂ ਚੌਂਕ 'ਚ ਖੜਾ, ਕੀ ਕੰਮ ਕੋਈ?"

"ਆਹੋ ਯਾਰ, ਮੈਂ ਘੜੀ ਦਿੱਤੀ ਓ, ਲੰਡਨ ਬਣਨ ਵਾਸਤੇ ਫੜੀ ਲਿਆਂਵੇਗਾ?"

"ਆਹੋ ਲੈ ਆਉਂਦਾ ਕੋਈ ਨਾ ਚੱਲ, ਓਦਾਂ ਤਾਂ ਮੈਂ ਕਚਹਿਰੀ ਚੌਂਕ ਨੂੰ ਚੱਲਿਆ ਸੀ, ਚੱਲ ਏਧਰ ਦੀ ਆ ਜਾਂਦਾ। ਹਾਂ ਪਰ ਆਪੇ ਘਰੇ ਲੈਣ ਆਜੀ।"

"ਹਾਂ ਹਾਂ ਲੈਜੂ, ਤੂੰ ਹੈਥੋਂ ਲੈ ਆ ਬਸ।"

"ਚੰਗਾ।"

ਨਾਨਕ ਨੇ ਚੰਗਾ ਆਖ ਫ਼ੂਨ ਕੱਟ ਦਿੱਤਾ ਤੇ ਬੱਤੀ ਹਰੀ ਹੁੰਦੇ ਹੀ ਅੰਮ੍ਰਿਤਸਰ ਦੇ ਮਸ਼ਹੂਰ ਸਟੇਸ਼ਨ ਦੇ ਸਾਹਮਣੇ ਵਾਲੇ ਲੰਡੇ ਬਾਜ਼ਾਰ ਨੂੰ ਰੁੱਖ ਕੀਤਾ। ਉਂਝ ਤਾਂ ਲੰਡੇ ਬਾਜ਼ਾਰ ਨੂੰ ਬਹੁਤੇ ਚੋਰ ਬਾਜ਼ਾਰ ਆਖਦੇ ਨੇ ਪਰ ਇਹ ਆਪਣੇ ਟੋਲੇ 'ਚ ਇਸਨੂੰ ਲੰਡਾ ਜਾਂ ਚੋਰ ਨਹੀਂ ਸਗੋਂ ਲੰਡਨ ਬਾਜ਼ਾਰ ਆਖਦੇ ਸਨ। ਗੋਵਿੰਦ ਨਾਨਕ ਨਾਲੋਂ ਚਲਾਕੀ 'ਚ ਥੋੜਾ ਤੇਜ ਸੀ ਉਸਨੇ ਹੀ ਇਹ ਨਾਂਅ ਰੱਖਿਆ ਸੀ, ਉਸਦਾ ਕਹਿਣਾ ਸੀ ਕਿ ਕਿਸੇ ਸਾਹਮਣੇ ਇਹ ਕਹਾਂਗੇ ਕਿ ਲੰਡੇ ਬਾਜ਼ਾਰੋਂ ਚੀਜ਼ ਲਿਆਂਦੀ ਤਾਂ ਬੇਇਜ਼ਤੀ ਮਹਿਸੂਸ ਹੋਵੂ, ਇਸ ਲਈ ਲੰਡਨ ਕਹੋ ਤਾਂ ਜੋ ਅਗਲੇ ਨੂੰ ਪਤਾ ਹੀ ਨਾ ਲੱਗੇ ਕਿਹੜੇ ਲੰਡਨ ਬਾਜ਼ਾਰ ਦੀ ਗੱਲ ਕਰਦੇ।

ਨਾਨਕ ਲੰਡਨ ਬਾਜ਼ਾਰ ਜਾ ਪਹੁੰਚਿਆ ਤੇ ਗੋਵਿੰਦ ਤੋਂ ਦੁਕਾਨ ਦਾ ਨਾਂਅ ਪੁੱਛ ਬਣਨੇ ਦਿੱਤੀ ਘੜੀ ਲੈ ਲਈ। ਪੈਸੇ ਗੋਵਿੰਦ ਪਹਿਲਾਂ ਹੀ ਦੇ ਚੁੱਕਾ ਸੀ। ਨਾਨਕ ਨੇ ਘੜੀ ਲਈ ਤੇ ਮੋਟਰਸਾਇਕਲ ਚੁੱਕ ਘਰ ਨੂੰ ਤੁਰ ਪਿਆ। ਅਜੇ ਉਹ ਪੁਤਲੀ ਘਰ ਹੀ ਪਹੁੰਚਿਆ ਤੇ ਚੌਂਕ 'ਚੋਂ ਪਾਰ ਕਰਨ ਲੱਗਾ ਤਾਂ ਉਸਦੇ ਖੱਬੇ ਪਾਸੇ ਵਾਲੀ ਗੱਡੀ ਨੇ ਕਾਹਲੀ 'ਚ ਸਾਈਡ ਲਾ ਦਿੱਤੀ ਤੇ ਨਾਨਕ ਦਾ ਮੋਟਰਸਾਇਕਲ ਡੋਲ ਗਿਆ। ਨਾਨਕ ਦੇ ਸੱਜੇ ਪਾਸੇ ਢਿੱਲੋਂ ਬੱਸ ਸੀ ਜੋ ਕਿ ਅੰਮ੍ਰਿਤਸਰ ਤੋਂ ਅਟਾਰੀ ਨੂੰ ਜਾਂਦੀ ਸੀ, ਮੋਟਰਸਾਇਕਲ ਡੋਲਣ ਕਾਰਨ ਨਾਨਕ ਦੀ ਬੱਸ ਨਾਲ ਵੀ ਟੱਕਰ ਹੋ ਗਈ। ਬੱਸ ਹੈ ਤਾਂ ਹੌਲੀ ਸੀ ਪਰ ਪਤਾ ਹੀ ਨਾ ਲੱਗਾ ਕਦ ਉਹ ਡਿੱਗ ਗਿਆ ਤੇ ਉਸਦੀਆਂ ਦੋਵੇਂ ਲੱਤਾਂ ਬੱਸ ਦੇ ਪਿਛਲੇ ਚੱਕਿਆਂ ਥੱਲੇ ਆ ਗਈਆਂ। ਸਾਰੇ ਪਾਸੇ ਇੱਕੋ ਦਮ ਹੀ ਹਾਹਾਕਾਰ ਮਚ ਗਈ। ਬੱਸ ਲੱਤਾਂ ਦੇ ਉੱਤੋਂ ਦੀ ਲੰਘ ਚੁੱਕੀ ਸੀ। ਪਲਾਂ 'ਚ ਹੀ

ਦੁਨੀਆਂ ਭਰ ਦਾ ਮੇਲਾ 'ਕੱਠਾ ਹੋ ਗਿਆ। ਬੱਸ ਵਾਲੇ ਨੇ ਬੱਸ ਰੋਕੀ, ਗੱਡੀ ਵਾਲਾ ਗੱਡੀ ਕੱਢ ਕੇ ਲੈ ਗਿਆ, ਨਾਨਕ ਦਾ ਸਿਰ ਤਾਂ ਬੱਸ ਤੋਂ ਬਾਹਰ ਵਾਲੇ ਪਾਸੇ ਸੀ ਪਰ ਲੱਤਾਂ ਪੂਰੀ ਤਰ੍ਹਾਂ ਬੱਸ ਹੇਠੋਂ ਦੀ ਕੁਚਲ ਚੁੱਕੀਆਂ ਸਨ। ਨਾਨਕ ਦੀਆਂ ਚੀਕਾਂ ਦੀ ਆਵਾਜ਼ ਦਾ ਸ਼ੋਰ ਹਰ ਪਾਸੇ ਗੂੰਜ ਰਿਹਾ ਸੀ, ਬਹੁਤੇ ਲੋਕ ਨਾਨਕ ਨੂੰ ਚੁੱਕਣ ਦੀ ਥਾਵੇਂ ਇਹ ਦੇਖ ਰਹੇ ਸਨ ਕਿ ਬੱਸ ਥੱਲੇ ਆਇਆ ਕੌਣ ਤੇ ਕਿਵੇਂ ਆਇਆ, ਬਹੁਤਿਆਂ ਨੇ ਦੇਖਦੇ ਸਾਰ ਹੀ ਫ਼ੂਨ ਕੱਢ ਲਏ ਸਨ ਤੇ ਵੀਡੀਓ ਬਣਾਉਣੀ ਸ਼ੁਰੂ ਕਰ ਦਿੱਤੀ ਸੀ। ਨਾਨਕ ਅਜੇ ਵੀ ਤੜਫ ਰਿਹਾ ਸੀ, ਦੂਸਰੇ ਪਾਸੇ ਤੋਂ ਨਾਕਾ ਲਾਈ ਖੜੇ ਪੁਲਸੀਏ ਦੌੜ ਕੇ ਆਏ। ਨਾਲ ਇੱਕ ਮਹਿਲਾ ਅਫ਼ਸਰ ਵੀ ਸੀ। ਉਸਨੇ ਬੜੀ ਜੋਰ ਨਾ ਭੀੜ ਨੂੰ ਪਰ੍ਹੇ ਹਟਾਇਆ ਤੇ ਆਪਣੇ ਨਾਲ ਦੇ ਪੁਲਸੀਏ ਸਾਥੀਆਂ ਨੂੰ ਨਾਨਕ ਨੂੰ ਚੁੱਕ ਗੱਡੀ 'ਚ ਪਾਉਣ ਲਈ ਕਿਹਾ।

ਇੱਕ ਪੁਲਸੀਆ ਭੱਜ ਕੇ ਅੱਗੇ ਹੋਇਆ ਤੇ ਨਾਨਕ ਨੂੰ ਪਿੱਠ ਪਿੱਛਿਓਂ ਚੁੱਕਣ ਲੱਗਾ ਤਾਂ ਚੁੱਕਦੇ ਸਾਰ ਹੀ ਨਾਨਕ ਦੀਆਂ ਟੁੱਟੀਆਂ ਲੱਤਾਂ ਹੇਠਾਂ ਨੂੰ ਲਮਕ ਗਈਆਂ। ਮਹਿਲਾ ਅਫ਼ਸਰ ਭੱਜ ਕੇ ਅੱਗੇ ਹੋਈ ਤੇ ਟੁੱਟੀਆਂ ਹੋਈਆਂ ਲੱਤਾਂ ਨੂੰ ਹੱਥ ਪਾਇਆ। ਨਾਨਕ ਦੀਆਂ ਚੀਕਾਂ ਦੀ ਆਵਾਜ਼ ਇੰਝ ਗੂੰਜ ਰਹੀ ਸੀ ਜਿਵੇਂ ਮਹਾਂਭਾਰਤ ਦੇ ਯੁੱਧ ਵਿਚ ਭੀਮ ਨੇ ਦੁਸ਼ਾਸ਼ਣ ਦੀ ਛਾਤੀ ਚੀਰਣ 'ਤੇ ਚੀਕਾਂ ਕਢਵਾਈਆਂ ਸਨ। ਉਸਦੀ ਪੀੜ ਦੀ ਇੰਤਹਾ ਹੋ ਚੁੱਕੀ ਸੀ। ਦੂਜੇ ਪੁਲਸੀਏ ਨੇ ਗੱਡੀ ਚਾਲੂ ਕੀਤੀ ਤੇ ਗੱਡੀ ਦੀਆਂ ਬਾਰੀਆਂ ਖੋਲ੍ਹ ਦਿੱਤੀਆਂ। ਮਹਿਲਾ ਅਫ਼ਸਰ ਤੇ ਪੁਲਸੀਏ ਨੇ ਨਾਨਕ ਨੂੰ ਗੱਡੀ ਵਿਚ ਪਾਇਆ ਤੇ ਤੇਜੀ ਨਾਲ ਗੱਡੀ ਭਜਾ ਕੋਲ ਹੀ ਅਮਨਦੀਪ ਹਸਪਤਾਲ ਵਿਚ ਲੈ ਗਏ। ਸਾਰਾ ਰਾਹ ਨਾਨਕ ਚੀਕਾਂ ਹੀ ਮਾਰਦਾ ਰਿਹਾ। ਡਰਾਇਵਰ ਪੁਲਸੀਏ ਨੇ ਹਸਪਤਾਲ ਸਾਹਮਣੇ ਗੱਡੀ ਰੋਕੀ ਤੇ ਬਾਰੀਆਂ ਖੋਲ੍ਹੀਆਂ ਤੇ ਭੱਜ ਕੇ ਸਟ੍ਰੇਚਰ ਲਿਆਇਆ। ਹਸਪਤਾਲ ਦੇ ਬਾਹਰ ਕਈ ਸਹਾਇਕ ਕਰਮਚਾਰੀ ਸਨ ਜਿੰਨ੍ਹਾਂ ਨੇ ਨਾਨਕ ਨੂੰ ਸਟ੍ਰੇਚਰ 'ਤ ਪਾਉਣ ਅਤੇ ਐਮਰਜੈਂਸੀ ਵਾਰਡ ਵਿਚ ਲਿਜਾਣ ਵਿਚ ਪੁਲਸ ਦੀ ਮਦਦ ਕੀਤੀ। ਨਾਨਕ ਨੂੰ ਐਮਰਜੈਂਸੀ ਵਾਰਡ ਵਿਚ ਭਰਤੀ ਕਰ ਲਿਆ ਗਿਆ ਤੇ ਦਰਦ ਦੇ ਟੀਕੇ ਤੇ ਗੁਲੂਕੋਜ਼ ਲਾਏ ਗਏ। ਕੁਝ ਵਕਤ ਪਿੱਛੋਂ ਨਾਨਕ ਦੀਆਂ ਲੱਤਾਂ ਇੱਕ ਦਮ ਸੁੰਨ ਹੋ ਗਈਆਂ। ਮਹਿਲਾ ਪੁਲਸ ਕਰਮਚਾਰੀ ਅਜੇ ਵੀ ਉੱਥੇ ਹੀ ਸੀ ਅਤੇ ਨਾਲਦੇ ਪੁਲਸੀਆਂ ਨੇ ਆਪਣੇ ਹੋਰਾਂ ਸਾਥੀਆਂ ਸਮੇਤ ਬੱਸ ਨੂੰ ਤੇ ਗੋਵਿੰਦ ਤੇ ਮੋਟਰਸਾਇਕਲ ਨੂੰ ਥਾਣੇ ਲਗਵਾ

ਲਿਆ ਸੀ। ਨਾਨਕ ਦੇ ਐਕਸਰੇ ਲੱਥਣੇ ਸ਼ੁਰੂ ਹੋ ਗਏ। ਜਦੋਂ ਨਾਨਕ ਨੂੰ ਥੋੜੀ ਹੋਸ਼ ਜਿਹੀ ਆਈ ਤਾਂ ਮਹਿਲਾ ਕਰਮਚਾਰੀ ਨੇ ਨਾਨਕ ਤੋਂ ਉਸਦੇ ਘਰਦਿਆਂ ਬਾਰੇ ਜਾਣਕਾਰੀ ਲਈ ਤਾਂ ਨਾਨਕ ਨੇ ਕੇਵਲ ਗੋਵਿੰਦ ਨੂੰ ਇਤਲਾਹ ਦੇਣ ਲਈ ਕਿਹਾ। ਮਹਿਲਾ ਅਫ਼ਸਰ ਨੇ ਹੋਰ ਬਹੁਤੀ ਗੱਲਬਾਤ ਨਾ ਕੀਤੀ ਤੇ ਗੋਵਿੰਦ ਨੂੰ ਫ਼ੂਨ ਲਗਾਇਆ। ਗੋਵਿੰਦ ਦੇ ਫ਼ੂਨ 'ਤੇ ਬੈੱਲ ਵੱਜੀ ਤੇ ਗੋਵਿੰਦ ਨੇ ਫ਼ੂਨ ਚੁੱਕਿਆ,

"ਹਾਂ ਨਾਨਕ, ਆਗਿਆ ਘਰੇ?"

"ਗੋਵਿੰਦ?"

ਨਾਨਕ ਦੇ ਫ਼ੂਨ 'ਤੋਂ ਕਿਸੇ ਔਰਤ ਦੀ ਆਵਾਜ਼ ਸੁਣ ਗੋਵਿੰਦ ਹੈਰਾਨ ਹੋਇਆ ਤੇ ਬੋਲਿਆ,

"ਹਾਂਜੀ, ਤੁਸੀਂ ਕੌਣ?"

"ਮੈਂ ਸਦਰ ਥਾਣੇ ਦੀ ਇੰਚਾਰਜ, ਸਿਮਰ ਕੌਰ ਬੋਲ ਰਹੀ ਹਾਂ, ਤੁਹਾਡੇ ਭਰਾ ਦਾ ਐਕਸੀਡੈਂਟ ਹੋ ਗਿਆ ਪੁਤਲੀ ਘਰ ਚੌਂਕ 'ਚ, ਅਮਨਦੀਪ ਹਸਪਤਾਲ ਆਜੋ ਜਲਦੀ।"

"ਹਾਂਜੀ, ਕੀ ਹੋਇਆ ਨਾਨਕ ਦਾ ਐਕਸੀਡੈਂਟ?"

"ਹਾਂਜੀ ਹਾਂਜੀ ਏਥੇ ਆਜੋ ਅਮਨਦੀਪ ਹਸਪਤਾਲ।"

ਮਹਿਲਾ ਅਫ਼ਸਰ ਨੇ ਏਨਾ ਕਹਿ ਫ਼ੂਨ ਕੱਟ ਦਿੱਤਾ ਤੇ ਦੂਜੇ ਪਾਸੇ ਗੋਵਿੰਦ ਦੇ ਘਰ ਹਾਹਾਕਾਰ ਮੱਚ ਗਈ। ਗੋਵਿੰਦ ਆਪਣੇ ਕਮਰੇ 'ਚ ਬੈਠਾ ਸੀ ਤੇ ਕਾਹਲੀ ਨਾਲ ਰੌਲਾ ਪਾਉਂਦਾ ਆਪਣੀ ਮਾਂ ਵੱਲ ਭੱਜਾ,

"ਮੰਮੀ, ਮੰਮੀ?"

"ਹਾਏ ਹਾਏ ਕੀ ਹੋਇਆ ਈ, ਘਰ ਚੁੱਕਣਾ ਲਿਆ ਸਾਰਾ।"

"ਮੰਮੀ ਨਾਨਕ ਦਾ ਐਕਸੀਡੈਂਟ ਹੋ ਗਿਆ।"

"ਹਾਏ ਮੈਂ ਮਰਜਾ, ਕਿੱਥੇ?"

"ਪੁਤਲੀ ਘਰ, ਹੁਣੇ ਪੁਲਸ ਵਾਲਿਆਂ ਦਾ ਫ਼ੂਨ ਆਇਆ।"

"ਹਾਏ ਕਿੱਥੇ ਆ ਹੁਣ?"

"ਅਮਨਦੀਪ ਹਸਪਤਾਲ ਗਏ ਲੈ।"

"ਚੱਲ ਛੇਤੀ ਕਰ, ਨੀ ਗੁੱਡੀ ਲਿਆ ਚੁੰਨੀ ਫੜਾ ਮੇਰੀ। ਆਪਣੇ ਪਾਪਾ ਨੂੰ ਫ਼ੂਨ ਕਰ ਉਹ ਵੀ ਛੇਤੀ ਪਹੁੰਚੇ ਹਸਪਤਾਲ।"

ਗੋਵਿੰਦ ਦੀ ਭੈਣ, ਜਿਸਨੂੰ ਘਰੇ ਸਾਰੇ ਗੁੱਡੀ ਆਖਦੇ ਸਨ, ਲਿਆ ਆਪਣੀ ਮਾਂ ਨੂੰ ਚੁੰਨੀ ਫੜਾਈ, ਗੋਵਿੰਦ ਨੇ ਫ਼ੂਨ ਲਗਾ ਆਪਣੇ ਪਿਉ ਨੂੰ ਨਾਨਕ ਦੇ ਐਕਸੀਡੈਂਟ ਬਾਰੇ ਦੱਸਿਆ ਤੇ ਛੇਤੀ ਨਾਲ ਹਸਪਤਾਲ ਪਹੁੰਚਣ ਲਈ ਕਿਹਾ। ਆਪ ਦੋਵੇਂ ਜਾਣੇ ਮੋਟਰਸਾਇਕਲ 'ਤੇ ਬੈਠ ਹਸਪਤਾਲ ਲਈ ਨਿਕਲ ਗਏ। ਅੱਜ ਫਾਟਕ ਖੁੱਲ੍ਹਾ ਸੀ। ਗੋਵਿੰਦ ਬਹੁਤ ਤੇਜੀ ਨਾਲ ਆਪਣੀ ਮਾਂ ਸਮੇਤ ਹਸਪਤਾਲ ਪਹੁੰਚਿਆ ਤੇ ਐਮਰਜੈਂਸੀ ਵਾਰਡ ਦਾ ਪਤਾ ਕਰ ਅੰਦਰ ਚਲਾ ਗਿਆ। ਅਪਰੇਸ਼ਨ ਥਿਏਟਰ ਦੇ ਬਾਹਰ ਮਹਿਲਾ ਅਫ਼ਸਰ ਖੜੀ ਸੀ। ਗੋਵਿੰਦ ਉਸਦੇ ਕੋਲ ਆਇਆ ਤੇ ਬੋਲਿਆ,

"ਸਤਿ ਸ੍ਰੀ ਅਕਾਲ ਮੈਡਮ, ਤੁਸੀਂ ਨਾਨਕ ਦੇ ਐਕਸੀਡੈਂਟ ਬਾਰੇ ਫ਼ੂਨ ਕੀਤਾ ਸੀ?"

"ਗੋਵਿੰਦ?"

"ਹਾਂਜੀ ਮੈਡਮ।"

"ਹਾਂ ਮੈਂ ਹੀ ਕੀਤਾ ਸੀ ਫ਼ੂਨ, ਕੀ ਲੱਗਦਾ ਮੁੰਡਾ ਤੁਹਾਡਾ?"

"ਮੈਡਮ ਮੇਰਾ ਭਰਾ ਹੀ ਆ।"

"ਲੱਤਾਂ ਟੁੱਟ ਗਈਆਂ ਲੱਗਦਾ ਦੋਵੇਂ ਉਸਦੀਆਂ। ਬੱਸ ਦੇ ਥੱਲੇ ਆ ਗਿਆ ਸੀ।"

ਗੋਵਿੰਦ ਦੀ ਮਾਂ ਉੱਥੇ ਹੀ ਖੜੀ ਰੋਣ ਲੱਗ ਪਈ। ਗੋਵਿੰਦ ਨੇ ਆਪਣੀ ਮਾਂ ਨੂੰ ਕਲਾਵੇਂ ਵਿਚ ਲਿਆ ਤੇ ਮਹਿਲਾ ਅਫ਼ਸਰ ਨਾਲ ਗੱਲ ਕਰਦਾ ਰਿਹਾ,

"ਮੈਡਮ ਹੁਣ ਅਪਰੇਸ਼ਨ ਚੱਲ ਰਿਹਾ?"

"ਨਹੀਂ ਅਜੇ ਸ਼ਾਇਦ ਅਪਰੇਸ਼ਨ ਤਾਂ ਨਹੀਂ ਸ਼ੁਰੂ ਹੋਇਆ, ਐਕਸਰੇ ਵਗੈਰਾ ਕਰ ਰਹੇ ਆ ਕਿ ਕਿੱਥੋਂ ਕਿੱਥੋਂ ਲੱਤਾਂ ਟੁੱਟੀਆਂ, ਐਸਕਰਿਆਂ ਤੋਂ ਬਾਅਦ ਵਕਤ ਲਾਉਣਗੇ ਅਪਰੇਸ਼ਨ ਕਰਨ 'ਚ।"

ਗੋਵਿੰਦ ਚੁੱਪ ਹੋ ਗਿਆ ਤੇ ਉਸਦਾ ਮਨ ਭਰ ਗਿਆ। ਅਪਰੇਸ਼ਨ ਥਿਏਟਰ ਦੇ ਬਾਹਰ ਕੁਝ ਬੈਂਚ ਪਏ ਸਨ, ਮਹਿਲਾ ਅਫ਼ਸਰ ਨੇ ਹੱਥ ਨਾਲ ਇਸ਼ਾਰਾ ਕਰਕੇ ਕਿਹਾ,

"ਆਉ, ਉੱਥੇ ਬੈਠਦੇ ਹਾਂ। ਹਾਂ ਆਹ ਫ਼ੂਨ, ਘੜੀ ਤੇ ਪਰਸ ਆ ਮੁੰਡੇ ਦਾ, ਰੱਖ ਲਵੋ ਆਪਣੇ ਕੋਲ।"

ਗੋਵਿੰਦ ਨੇ ਮਹਿਲਾ ਅਫ਼ਸਰ ਤੋਂ ਨਾਨਕ ਦਾ ਫ਼ੂਨ ਤੇ ਪਰਸ ਫੜਿਆ ਤੇ ਨਾਲ ਹੀ ਗੋਵਿੰਦ ਦੀ ਉਹੀ ਘੜੀ ਵੀ ਜੋ ਉਹ ਲੰਡੇ ਬਾਜ਼ਾਰ ਤੋਂ ਲੈ ਕੇ ਆ ਰਿਹਾ ਸੀ। ਤਿੰਨੋਂ ਜਾਣੇ ਇੱਕ ਪਾਸੇ ਪਏ ਬੈਂਚਾਂ 'ਤੇ ਜਾ ਬੈਠੇ। ਏਨੇ ਨੂੰ ਗੋਵਿੰਦ ਦਾ ਪਿਉ ਵੀ ਆ ਗਿਆ ਤੇ ਪੂਰੀ ਤਰ੍ਹਾਂ ਹਬਲਿਆ ਹੋਇਆ ਗੋਵਿੰਦ ਦੇ ਕੋਲ ਆਇਆ ਤੇ ਬੋਲਿਆ,

"ਹਾਂ ਕੀ ਹੋਇਆ ਨਾਨਕ ਨੂੰ, ਠੀਕ ਆ ਉਹ?"

ਗੋਵਿੰਦ ਦੀ ਮਾਂ ਕਾਹਲੀ ਨਾ ਉੱਠੀ ਤੇ ਗੋਵਿੰਦ ਦੇ ਪਿਉ ਦੇ ਗਲ਼ ਲੱਗ ਰੋਣ ਲੱਗੀ ਤਾਂ ਗੋਵਿੰਦ ਦਾ ਪਿਉ ਬੋਲਿਆ,

"ਰੋਈ ਕਿਉਂ ਜਾਂਦੀ ਆ? ਹੋਇਆ ਕੀ ਆ ਦੱਸੇਗੀ?"

ਗੋਵਿੰਦ ਵੀ ਉੱਠਿਆ ਤੇ ਬੋਲਿਆ,

"ਨਾਨਕ ਬੱਸ ਦੇ ਥੱਲੇ ਆ ਗਿਆ ਪਾਪਾ, ਦੋਨੋਂ ਲੱਤਾਂ ਟੁੱਟ ਗਈਆਂ ਕਹਿੰਦੇ।"

"ਓ ਤੇਰਾ ਭਲਾ ਹੋਜੇ।"

ਲੱਤਾਂ ਟੁੱਟਣ ਦੀ ਗੱਲ ਸੁਣ ਗੋਵਿੰਦ ਦੀ ਮਾਂ ਮੁੜ ਤੋਂ ਉੱਚੀ ਰੋਣ ਲੱਗੀ ਤਾਂ ਗੋਵਿੰਦ ਦਾ ਪਿਉ ਬੋਲਿਆ,

"ਕੋਈ ਨਾ ਕੋਈ ਨਾ ਰੋਈਦਾ ਨੀ ਹੁੰਦਾ, ਹਾਂ ਡਾਕਟਰ ਮਿਲਿਆ ਕੋਈ?"

"ਨਹੀਂ ਪਾਪਾ ਡਾਕਟਰ ਨੂੰ ਤਾਂ ਨਹੀਂ ਮਿਲੇ ਅਜੇ ਆਹ ਮੈਡਮ ਬੈਠੇ ਇਹਨਾਂ ਦੱਸਿਆ ਸਭ। ਸ਼ਾਇਦ ਇਹੋ ਲੈ ਕੇ ਆਏ ਉਸਨੂੰ।"

ਗੋਵਿੰਦ ਦਾ ਪਿਉ, ਗੋਵਿੰਦ ਦੀ ਮਾਂ ਨੂੰ ਨਾਲ ਲੈ ਉਸੇ ਬੈਂਚ 'ਤੇ ਬੈਠ ਗਿਆ ਜਿੱਥੇ ਮਹਿਲਾ ਅਫ਼ਸਰ ਬੈਠੀ ਸੀ। ਗੋਵਿੰਦ ਖੜ੍ਹਾ ਹੀ ਰਿਹਾ। ਗੋਵਿੰਦ ਦਾ ਪਿਉ ਬੋਲਿਆ,

"ਸਤਿ ਸ੍ਰੀ ਅਕਾਲ ਮੈਡਮ, ਤੁਸੀਂ ਲੈ ਕੇ ਆਏ ਨਾਨਕ ਨੂੰ?"

"ਹਾਂਜੀ ਹਾਂਜੀ ਮੈਂ ਈ ਲੈ ਕੇ ਆਈ, ਲੱਤਾਂ ਟੁੱਟ ਗਈਆਂ ਤੁਹਾਡੇ ਮੁੰਡੇ ਦੀਆਂ ਦੋਵੇਂ, ਬੱਸ ਦੇ ਪਿਛਲੇ ਚੱਕਿਆਂ ਥੱਲੇ ਆ ਗਿਆ ਸੀ।"

"ਮੈਡਮ ਲੱਗਾ ਪਤਾ ਕਿੱਥੋਂ ਕਿੱਥੋਂ ਟੁੱਟੀਆਂ ਲੱਤਾਂ?"

"ਨਹੀਂ ਅਜੇ ਤਾਂ ਨਹੀਂ ਪਤਾ ਲੱਗਾ, ਡਾਕਟਰ ਦੱਸੂ ਬਾਹਰ ਆ। ਏਦਾਂ ਕਰੋ ਤੁਸੀਂ ਨਾਲ ਚਲੋ ਮੇਰੇ ਸਦਰ ਥਾਣੇ, ਮੁੰਡੇ ਦਾ ਨਾਂਅ ਪਤਾ ਲਿਖਾ ਆਵੋ।"

"ਹਾਂਜੀ ਮੈਡਮ ਚੱਲਦਾ ਮੈਂ।"

ਮਹਿਲਾ ਅਫ਼ਸਰ ਆਪਣੀ ਥਾਂ ਤੋਂ ਉੱਠੀ ਤੇ ਨਾਲ ਹੀ ਗੋਵਿੰਦ ਦਾ ਪਿਉ ਵੀ। ਮਹਿਲਾ ਅਫ਼ਸਰ ਅੱਗੇ ਹੋ ਤੁਰ ਪਈ। ਗੋਵਿੰਦ ਦਾ ਪਿਉ ਤੁਰਨ ਲੱਗਿਆ ਬੋਲਿਆ,

"ਗੋਵਿੰਦ ਧਿਆਨ ਰੱਖੀਂ ਆਪਣੀ ਮੰਮੀ ਦਾ, ਜ਼ਿਆਦਾ ਫਿਕਰ ਨਾ ਕਰਿਉ, ਠੀਕ ਰਹੂ ਸਭ। ਆਇਆ ਬਸ ਮੈਂ ਹੁਣੇ ਥਾਣਿਉਂ ਹੋ।"

"ਹਾਂਜੀ ਠੀਕ ਪਾਪਾ, ਕੋਈ ਨਾ।"

ਗੋਵਿੰਦ ਦਾ ਪਿਉ ਮਹਿਲਾ ਅਫ਼ਸਰ ਦੇ ਪਿੱਛੇ ਹੀ ਥਾਣੇ ਨੂੰ ਤੁਰ ਪਿਆ। ਗੋਵਿੰਦ ਤੇ ਉਸਦੀ ਮਾਂ ਅਪਰੇਸ਼ਨ ਥਿਏਟਰ ਦੇ ਬਾਹਰ ਹੀ ਉਡੀਕ ਕਰਨ ਲੱਗੇ। ਕਰੀਬ ਡੇਡ ਘੰਟੇ ਪਿੱਛੋਂ ਇੱਕ ਡਾਕਟਰ ਬਾਹਰੋਂ ਐਕਸਰੇ ਲੈ ਕੇ ਆਇਆ ਤੇ ਗੋਵਿੰਦ ਉਸਨੂੰ ਮਿਲਿਆ, ਗੋਵਿੰਦ ਬੋਲਿਆ,

"ਡਾਕਟਰ ਸਾਬ ਕੀ ਇਹ ਨਾਨਕ ਦੇ ਐਕਸਰੇ ਨੇ?"

ਡਾਕਟਰ ਰੁਕਿਆ ਤੇ ਗੋਵਿੰਦ ਤੇ ਉਸਦੀ ਮਾਂ ਵੱਲ ਦੇਖ ਕੇ ਬੋਲਿਆ,

"ਤੁਸੀਂ ਮਰੀਜ਼ ਦੇ ਰਿਸ਼ਤੇਦਾਰ ਹੋ?"

"ਹਾਂਜੀ ਡਾਕਟਰ ਸਾਬ, ਨਾਨਕ ਭਰਾ ਮੇਰਾ। ਤੇ ਇਹ ਮੇਰੀ ਮੰਮੀ ਨੇ।"

"ਅੱਛਾ, ਦਫ਼ਤਰ ਆਜੋ।"

ਗੋਵਿੰਦ ਤੇ ਉਸਦੀ ਮਾਂ ਡਾਕਟਰ ਦੇ ਪਿੱਛੇ ਹੋ ਲੱਗ ਤੁਰੇ ਤੇ ਉਸਦੇ ਦਫ਼ਤਰ ਵਿਚ ਜਾ ਪਹੁੰਚੇ। ਡਾਕਟਰ ਨੇ ਐਕਸਰਾ ਲਾਇਆ ਤੇ ਬੋਲਿਆ,

"ਨਾਨਕ ਦੀਆਂ ਦੋਵੇਂ ਲੱਤਾਂ ਪੂਰੀ ਤਰ੍ਹਾਂ ਟੁੱਟ ਚੁੱਕੀਆਂ ਨੇ, ਖੱਬੀ ਲੱਤ ਛੇ ਥਾਵਾਂ ਤੋਂ ਟੁੱਟੀ ਹੈ ਤੇ ਸੱਜੀ ਚਾਰ ਥਾਵਾਂ ਤੋਂ, ਅਪਰੇਸ਼ਨ ਬੜਾ ਔਖਾ ਹੈ।"

"ਡਾਕਟਰ ਸਾਬ ਲੱਤਾਂ ਠੀਕ ਤਾਂ ਹੋ ਜਾਣਗੀਆਂ।"

ਗੋਵਿੰਦ ਨੇ ਪੁੱਛਿਆ ਤਾਂ ਡਾਕਟਰ ਬੋਲਿਆ,

"ਜ਼ਿਆਦਾ ਉਮੀਦ ਨਾ ਰੱਖਣਾ, ਵਿਚੋਂ ਕੁਝ ਹੱਡੀਆਂ ਪੂਰੀ ਤਰ੍ਹਾਂ ਚੂਰਾ ਹੋ ਗਈਆਂ ਨੇ, ਫਿਰ ਵੀ ਅਪਰੇਸ਼ਨ ਤਸੱਲੀ ਨਾਲ ਕੀਤਾ ਜਾਵੇਗਾ। ਸਾਡੀ ਪੂਰੀ ਕੋਸ਼ਿਸ਼ ਹੋਵੇਗੀ ਕਿ ਮੁੰਡਾ ਮੁੜ ਤੋਂ ਚੱਲ ਫਿਰ ਸਕੇ।"

ਗੋਵਿੰਦ ਦੀ ਮਾਂ ਕੋਲ ਹੀ ਬੈਠੀ ਸਭ ਸੁਣ ਰਹੀ ਸੀ ਉਹ ਬੋਲੀ,

"ਡਾਕਟਰ ਸਾਬ ਤੁਸੀਂ ਕੋਈ ਕਸਰ ਨਾ ਛੱਡਣਾ, ਖਰਚੇ ਦੀ ਪਰਵਾਹ ਨਾ ਕਰਨਾ, ਜੋ ਵੀ ਹੋਵੇਗਾ ਅਸੀਂ ਕਰਾਂਗੇ, ਬਸ ਸਾਡਾ ਮੁੰਡਾ ਮੁੜ ਤੋਂ ਚੱਲਣ ਲਾ ਦਿਉ।"

"ਕੋਈ ਨਾ ਮੈਡਮ ਤੁਸੀਂ ਪਰਵਾਹ ਨਾ ਕਰੋ, ਅਸੀਂ ਆਪਣੀ ਪੂਰੀ ਵਾਹ ਲਾਂਵਾਂਗੇ, ਜਵਾਨ ਮੁੰਡਾ ਏ, ਅਸੀਂ ਤਾਂ ਚਾਹੁੰਦੇ ਹਾਂ ਕਿ ਉਹ ਮੁੜ ਆਪਣੀਆਂ ਲੱਤਾਂ 'ਤੇ ਭੱਜਦਾ ਫਿਰੇ।"

ਗੋਵਿੰਦ ਡਾਕਟਰ ਦੀ ਗੱਲ ਨੂੰ ਕੱਟਦੇ ਹੋਏ ਬੋਲਿਆ,

"ਵੈਸੇ ਕਦੋਂ ਤੱਕ ਹੋਵੇਗਾ ਅਪਰੇਸ਼ਨ?"

"ਬਸ ਆਹ ਐਕਸਰਿਆਂ ਦੀ ਉਡੀਕ ਸੀ, ਪੱਟੀਆਂ ਬੰਨ੍ਹ ਖ਼ੂਨ ਦਾ ਵਹਿਣ ਰੋਕਿਆ ਏ, ਜਿਉਂ ਹੀ ਮੁੰਡਾ ਜਰਾ ਹੋਸ਼ ਕਰਦਾ ਏ ਅਸੀਂ ਅਪਰੇਸ਼ਨ ਕਰ ਦੇਣਾ।"

"ਹਾਂਜੀ ਠੀਕ ਆ।"

ਡਾਕਟਰ ਆਪਣੀ ਕੁਰਸੀ ਤੋਂ ਉੱਠਿਆ ਤੇ ਬੋਲਿਆ,

"ਅੱਛਾ ਤੁਸੀਂ ਥੱਲੇ ਕਾਉਂਟਰ ਤੇ ਜਾ ਅਪਰੇਸ਼ਨ ਦਾ ਬਿਲ ਦੇਦੋ ਤਦ ਤੱਕ ਮੈਂ ਤਿਆਰੀ ਕਰਾਉਂਦਾ ਅਪਰੇਸ਼ਨ ਦੀ।"

ਗੋਵਿੰਦ ਨੇ ਡਾਕਟਰ ਹੱਥੋਂ ਕੋਈ ਸਲਿੱਪ ਲਈ ਤੇ ਆਪਣੀ ਮਾਂ ਨਾਲ ਦਫ਼ਤਰ ਤੋਂ ਬਾਹਰ ਆ ਗਏ। ਏਨੇ ਨੂੰ ਗੋਵਿੰਦ ਦਾ ਪਿਉ ਵੀ ਆ ਗਿਆ, ਗੋਵਿੰਦ ਨੇ ਆਪਣੇ ਪਿਉ ਨੂੰ ਡਾਕਟਰ ਦੀ ਕਹੀ ਸਾਰੀ ਗੱਲ ਦੱਸੀ ਤੇ ਬਿਲ ਜਮ੍ਹਾਂ ਕਰਨ ਲਈ ਕਿਹਾ। ਗੋਵਿੰਦ ਦੇ ਪਿਉ ਨੇ ਗੋਵਿੰਦ ਤੋਂ ਬਿੱਲ ਦੀ ਸਲਿੱਪ ਲਈ ਤੇ ਬਿੱਲ ਜਮ੍ਹਾਂ ਕਰਵਾਉਣ ਚਲਾ ਗਿਆ। ਕਰੀਬ ਪੰਦਰਾਂ ਵੀਹ ਮਿੰਟ ਬਾਅਦ ਵਾਪਿਸ ਆਇਆ। ਤਦ ਤੱਕ ਸ਼ਾਮ ਹੋ ਚੁੱਕੀ ਸੀ। ਫਰਵਰੀ ਮਹੀਨਾ ਹੋਣ ਕਾਰਨ ਥੋੜੀ ਥੋੜੀ ਠੰਡ ਸੀ ਅਜੇ ਤੇ ਦਿਨ ਨਿੱਕੇ ਸਨ। ਬਾਹਰ ਛੇਤੀ ਹੀ ਹਨੇਰਾ ਹੋ ਗਿਆ। ਗੋਵਿੰਦ ਦੇ ਪਿਉ ਨੇ ਕਿਹਾ,

"ਗੋਵਿੰਦ ਤੂੰ ਆਪਣੀ ਮੰਮੀ ਨੂੰ ਘਰੇ ਛੱਡ ਆ, ਗੁੱਡੀ ਘਰੇ 'ਕੱਲੀ ਹੋਣੀ ਏ। ਮੈਂ ਰੁਕਦਾ ਇੱਥੇ, ਰੋਟੀ ਮੇਰੇ ਲਈ ਏਥੇ ਲੈ ਆਵੀਂ।"

"ਪਾਪਾ ਮੈਂ ਰੁਕਦਾ ਏਥੇ, ਤੁਸੀਂ ਮੰਮੀ ਨੂੰ ਘਰੇ ਲੈ ਜਾਵੋ ਤੇ ਮੇਰੇ ਲਈ ਰੋਟੀ ਲੈ ਆਇਉ।"

"ਨਹੀਂ ਪੁੱਤਰਾ, ਏਥੇ ਕਿਸੇ ਵੇਲੇ ਵੀ ਡਾਕਟਰ ਬੁਲਾ ਸਕਦੇ ਆ, ਅਪਰੇਸ਼ਨ ਸ਼ੁਰੂ ਹੋ ਗਿਆ ਏ। ਤੂੰ ਜਾ ਤੇ ਕੋਈ ਨਾ, ਛੇਤੀ ਆਜੀ।"

"ਹਾਂ, ਗੋਵਿੰਦ ਤੂੰ ਆਪਣੇ ਪਾਪਾ ਨੂੰ ਏਥੇ ਰਹਿਣ ਦੇ ਤੇ ਘਰੋਂ ਰੋਟੀ ਬਣਵਾ ਕੇ ਲੈ ਆ।"

"ਚਲੋ ਠੀਕ ਆ, ਮੈਂ ਈ ਚੱਲਦਾ।"

ਗੋਵਿੰਦ ਆਪਣੀ ਮਾਂ ਨਾਲ ਉੱਠ ਚੱਲਣ ਲਈ ਤਿਆਰ ਹੋ ਗਿਆ ਤੇ ਦੋਵੇਂ ਮਾਂ ਪੁੱਤ ਘਰ ਨੂੰ ਤੁਰਨ ਲੱਗੇ ਤਾਂ ਪਿੱਛਿਉਂ ਪਿਉ ਨੇ ਕਿਹਾ,

"ਗੋਵਿੰਦ ਮੇਰੀ ਲੋਈ ਲਈ ਆਵੀਂ ਘਰੋਂ।"

"ਹਾਂਜੀ ਠੀਕ ਪਾਪਾ, ਲੈ ਆਉਂਦਾ।"

ਦੋਨੋਂ ਮਾਂ ਪੁੱਤ ਘਰ ਨੂੰ ਚਲੇ ਗਏ। ਉਸਦਾ ਪਿਉ ਉੱਥੇ ਹੀ ਬੈਠਾ ਉਡੀਕ ਕਰਨ ਲੱਗਾ। ਗੋਵਿੰਦ ਆਪਣੀ ਮਾਂ ਨਾਲ ਘਰ ਪਹੁੰਚਿਆ, ਹੱਥ ਮੂੰਹ ਧੋਤਾ ਤੇ ਕੁਝ ਚਿਰ ਆਰਾਮ ਕਰ, ਰੋਟੀ ਖਾਣ ਲਈ ਤਿਆਰ ਹੋ ਗਿਆ। ਉਸਨੇ ਦੋ ਹੀ ਰੋਟੀਆਂ ਖਾਧੀਆਂ ਤੇ ਆਪਣੇ ਪਿਉ ਲਈ, ਚਾਰ ਪੰਜ ਰੋਟੀਆਂ ਬੰਨ੍ਹ, ਖ਼ੁਦ ਕੋਟੀ ਪਾ, ਲੋਈ ਦੀ ਬੁੱਕਲ ਮਾਰ ਤੇ ਆਪਣੇ ਪਿਉ ਲਈ ਵੀ ਜੈਕਟ ਤੇ ਲੋਈ ਲੈ ਹਸਪਤਾਲ ਲਈ ਰਵਾਨਾ ਹੋ ਗਿਆ। ਵਕਤ ਕਰੀਬ ਸ਼ਾਮ ਦੇ ਸਾਢੇ ਸੱਤ ਵੱਜ ਰਹੇ ਸਨ। ਗੋਵਿੰਦ ਹਸਪਤਾਲ ਪਹੁੰਚਿਆ ਤੇ ਜੈਕਟ ਤੇ ਲੋਈ ਆਪਣੇ ਪਿਉ ਨੂੰ ਫੜਾ ਰੋਟੀ ਖਾਣ ਲਈ ਕਿਹਾ। ਉਸਦੇ ਪਿਉ ਨੇ ਜੈਕਟ ਪਾਈ ਤੇ ਲੋਈ ਦੀ ਬੁੱਕਲ ਮਾਰ ਲਈ ਤੇ ਬੋਲਿਆ,

"ਖਾਂਦਾ ਰੋਟੀ ਰੁਕਜਾ ਕੁਝ ਚਿਰ, ਅਪਰੇਸ਼ਨ ਅਜੇ ਚੱਲਣ ਡਿਆ ਏ, ਆਉਣਦੇ ਡਾਕਟਰ ਨੂੰ ਬਾਹਰ ਫਿਰ ਈ ਖਾਂਦਾ ਰੋਟੀ।"

"ਅਜੇ ਆਇਆ ਨੀ ਕੋਈ ਬਾਹਰ, ਦੱਸਿਆ ਨੀ ਕਿਸੇ ਨੇ ਕੁਝ ਵੀ?"

"ਨਹੀਂ ਅਜੇ ਤਾਂ ਕੋਈ ਨੀ ਆਇਆ।"

ਅਜੇ ਉਹ ਗੱਲਾਂ ਹੀ ਕਰ ਰਹੇ ਸਨ ਕਿ ਅਪਰੇਸ਼ਨ ਥਿਏਟਰ 'ਚੋਂ ਡਾਕਟਰ ਬਾਹਰ ਆਇਆ ਤੇ ਗੋਵਿੰਦ ਹੁਣਾ ਕੋਲ ਰੁਕ ਗਿਆ ਤੇ ਬੋਲਿਆ,

"ਮੁਬਾਰਕ ਸਿੰਘ ਸਾਬ, ਅਪਰੇਸ਼ਨ ਕਾਮਯਾਬ ਰਿਹਾ, ਲੱਤਾਂ ਦਾ ਨੁਕਸਾਨ ਤਾਂ ਕਾਫ਼ੀ ਹੋਇਆ ਪਰ ਅਪਰੇਸ਼ਨ ਵਧੀਆ ਰਿਹਾ, ਬੱਚਾ ਪੰਜ ਛੇ ਮਹੀਨੇ 'ਚ ਹੀ ਪਹਿਲਾਂ ਦੀ ਤਰ੍ਹਾਂ ਚੱਲਣ ਫਿਰਨ ਦੇ ਕਾਬਿਲ ਹੋਜੇਗਾ।"

"ਬਹੁਤ ਬਹੁਤ ਸ਼ੁਕਰੀਆ ਡਾਕਟਰ ਸਾਬ।"

"ਸ਼ੁਕਰੀਆ ਕਿਸ ਗੱਲ ਦਾ ਸਰਦਾਰ ਜੀ, ਸਾਡਾ ਫਰਜ਼ ਇਹ।"

"ਅਸੀਂ ਕਦੋਂ ਮਿਲ ਸਕਾਂਗੇ, ਨਾਨਕ ਨੂੰ?"

"ਅਜੇ ਬੱਚਾ ਬੇਹੋਸ਼ ਹੈ, ਸਵੇਰ ਤੱਕ ਹੋਸ਼ ਨਹੀਂ ਆਉਣ ਵਾਲੀ, ਕੱਲ੍ਹ ਜਦੋਂ ਹੋਸ਼ ਆਈ ਫਿਰ ਦੂਸਰੀ ਵਾਰਡ 'ਚ ਸ਼ਿਫਟ ਕਰ ਦਿਆਂਗੇ। ਅੱਜ ਦੀ ਰਾਤ ਉਹਨੂੰ ਆਈ. ਸੀ. ਯੂ. 'ਚ ਰੱਖਣਾ ਪਵੇਗਾ। ਬਾਕੀ ਘਬਰਾਉਣ ਦੀ ਗੱਲ ਨਹੀਂ, ਤੁਸੀਂ ਘਰ ਜਾਣਾ ਤੇ ਜਾ ਸਕਦੇ ਹੋ ਸੁਬਹ ਆ ਜਾਣਾ, ਏਥੇ ਉਸਦੀ ਦੇਖਭਾਲ ਪੂਰੀ ਹੋਵੇਗੀ।"

"ਹਾਂਜੀ ਠੀਕ ਆ ਜੀ।"

"ਚਲੋ ਕਰੋ ਤੁਸੀਂ ਆਰਾਮ, ਕੱਲ੍ਹ ਮਿਲਦੇ ਆਪਾਂ।"

ਨਾਨਕ ਦਾ ਅਪਰੇਸ਼ਨ ਹੋ ਚੁੱਕਾ ਸੀ, ਤੇ ਡਾਕਟਰ ਨਾਨਕ ਦੀ ਪੂਰੀ ਖ਼ਬਰ ਦੇ ਬਾਹਰ ਨੂੰ ਚਲਾ ਗਿਆ। ਗੋਵਿੰਦ ਤੇ ਉਸਦਾ ਪਿਉ ਉੱਥੇ ਹੀ ਬੈਠ ਗਏ। ਗੋਵਿੰਦ ਬੋਲਿਆ,

"ਪਾਪਾ ਤੁਸੀਂ ਜਾਣਾ ਤਾਂ ਚਲੇ ਜਾਉ ਘਰ, ਮੰਮੀ ਹੋਣੀ ਵੀ ਘਰੇ 'ਕੱਲੇ ਨੇ, ਸਵੇਰੇ ਆ ਜਾਣਾ।"

"ਦੇਖਲਾ ਤੂੰ ਚਲਾ ਜਾ ਘਰ, ਮੈਂ ਰੁਕਦਾ ਅੱਜ ਰਾਤ।"

"ਨਹੀਂ ਪਾਪਾ ਜਾਉ ਤੁਸੀਂ ਤਾਂ ਥੱਕੇ ਹੋਵੋਗੇ। ਕੋਈ ਨਾ ਰੁਕਦਾ ਮੈਂ।"

"ਚੱਲ ਕੁਝ ਚਿਰ ਰੁਕਦਾ ਫਿਰ ਚਲਾ ਜਾਂਦਾ।"

"ਤੇ ਪਾਪਾ ਰੋਟੀ ਫਿਰ?"

"ਰੋਟੀ ਵੀ ਫਿਰ ਘਰੇ ਜਾ ਖਾਲੂ।"

ਕਰੀਬ ਅੱਧਾ ਘੰਟਾ ਪਿਉ ਪੁੱਤ ਉੱਥੇ ਬੈਠੇ ਰਹੇ ਤੇ ਨਾਨਕ ਦੀਆਂ ਗੱਲਾਂ ਕਰਦੇ ਰਹੇ। ਫਿਰ ਗੋਵਿੰਦ ਦਾ ਪਿਉ ਉੱਠਿਆ ਤੇ ਗੋਵਿੰਦ ਨੂੰ ਕੁਝ ਪੈਸੇ ਦੇ ਰੋਟੀ ਵਾਲਾ ਡੱਬਾ ਚੁੱਕ ਘਰ ਨੂੰ ਚਲਾ ਗਿਆ। ਗੋਵਿੰਦ ਉੱਥੇ ਹੀ ਬਾਣੀ ਪੜ੍ਹਨ ਲੱਗਾ, ਉਸਨੇ ਪਹਿਲਾਂ ਸੁਖਮਨੀ ਸਾਹਿਬ ਦਾ ਪਾਠ ਕੀਤਾ ਤੇ ਫਿਰ ਰਹਿਰਾਸ ਸਾਹਿਬ ਦਾ ਪਾਠ ਕਰਦੇ ਨੂੰ ਕਦ ਨੀਂਦ ਆ ਗਈ ਪਤਾ ਹੀ ਨਾ ਲੱਗਾ। ਸਵੇਰ ਦੇ ਕਰੀਬ ਛੇ ਵਜੇ ਜਾਗ ਖੁੱਲ੍ਹੀ ਤਾਂ ਉਸਦਾ ਪਿਉ ਉਸਦੇ ਪੈਰਾਂ ਪਾਸੇ ਬੈਠਾ ਸੀ। ਉਸਨੇ ਗੋਵਿੰਦ ਨੂੰ ਚਾਹ ਪਿਆਈ ਤੇ ਹਾਲ ਚਾਲ ਪੁੱਛਿਆ। ਕੁਝ ਚਿਰ ਬਾਅਦ ਇੱਕ ਨਰਸ ਆਈ ਤੇ ਗੋਵਿੰਦ ਤੇ ਉਸਦੇ ਪਿਉ ਨੂੰ ਨਾਲ ਲੈ ਨਾਨਕ ਨੂੰ ਦੂਸਰੀ ਵਾਰਡ ਵਿਚ ਸ਼ਿਫਟ ਕਰਾਉਣ ਲਈ ਕਿਹਾ। ਦੋਵੇਂ ਪਿਉ ਪੁੱਤ ਗਏ, ਨਾਨਕ ਹੋਸ਼ ਵਿਚ ਸੀ। ਗੋਵਿੰਦ ਤੇ ਉਸਦੇ ਪਿਤਾ ਨੂੰ ਦੇਖਦੇ ਹੋ ਨਾਨਕ ਦੀਆਂ ਅੱਖਾਂ ਵਿਚ ਅੱਥਰੂ ਵਹਿ ਤੁਰੇ। ਗੋਵਿੰਦ ਭੱਜ ਕੇ ਨਾਨਕ ਕੋਲ ਗਿਆ ਤੇ ਨਾਨਕ ਨੂੰ ਕਲਾਵੇਂ ਵਿਚ ਲੈ ਲਿਆ ਤੇ ਆਪ ਵੀ ਮਨ ਭਰਦੇ ਹੋਏ ਕਿਹਾ,

"ਓ ਕੋਈ ਨਾ, ਕੋਈ ਨਾ, ਦਿਲ ਨੀ ਹੌਲਾ ਕਰਦੇ, ਆਗੇ ਨਾ ਅਸੀਂ।"

"ਗੋਵਿੰਦ ਇਹ ਕੀ ਹੋ ਗਿਆ ਯਾਰ ਮੇਰੇ ਨਾਲ?"

"ਕੁਝ ਨੀ ਹੋਇਆ ਸੋਹਣਿਆ, ਸਭ ਠੀਕ ਆ, ਅਸੀਂ ਹਾਂ ਨਾ ਏਥੇ। ਘਬਰਾ ਨਾ।"

ਗੋਵਿੰਦ ਦਾ ਪਿਉ ਵੀ ਨਾਨਕ ਦੇ ਕੋਲ ਆਇਆ, ਗੋਵਿੰਦ ਨੇ ਨਾਨਕ ਨੂੰ ਛੱਡਿਆ ਤੇ ਉਸਦੇ ਪਿਉ ਨੇ ਨਾਨਕ ਨੂੰ ਕਲਾਵੇਂ 'ਚ ਭਰ ਲਿਆ। ਨਾਨਕ ਅੱਥਰੂ ਕੇਰਦਾ ਬੋਲਿਆ,

"ਅੰਕਲ।"

ਨਾਨਕ ਨੇ ਅੰਕਲ ਹੀ ਕਿਹਾ ਤੇ ਫੁੱਟ ਫੁੱਟ ਰੋਣ ਲੱਗਾ। ਗੋਵਿੰਦ ਦਾ ਪਿਤਾ ਬੋਲਿਆ,

"ਕੋਈ ਨਾ ਪੁੱਤਰ ਹੌਂਸਲਾ ਕਰ, ਤੂੰ ਤੇ ਦਲੇਰ ਪੁੱਤ ਏ, ਗੋਵਿੰਦ ਤੋਂ ਵੀ ਦਲੇਰ। ਫਿਕਰ ਨਾ ਕਰ ਸਭ ਠੀਕ ਹੋ ਜਾਣਾ।"

ਦੂਜੇ ਪਾਸਿਉਂ ਨਰਸ ਆ ਗਈ ਤੇ ਨਾਨਕ ਨੂੰ ਦੂਜੀ ਵਾਰਡ 'ਚ ਸ਼ਿਫਟ ਕਰਨ ਬਾਰੇ ਕਹਿਣ ਲੱਗੀ। ਕੁਝ ਚਿਰ 'ਚ ਹੀ ਨਾਨਕ ਨੂੰ ਆਈ. ਸੀ. ਯੂ. 'ਚੋਂ ਦੂਜੀ ਵਾਰਡ ਵਿਚ ਸ਼ਿਫਟ ਕਰ ਦਿੱਤਾ। ਨਾਨਕ ਨੂੰ ਬਹੁਤਾ ਆਰਾਮ ਕਰਨ ਦਿੱਤਾ ਜਾਂਦਾ। ਕਦੇ ਗੋਵਿੰਦ ਦੀ ਮਾਂ ਆ ਮਿਲਦੀ ਤੇ ਕਦੇ ਗੁੱਡੀ ਭੈਣ ਤੇ ਕਦੇ ਪਿਉ। ਗੋਵਿੰਦ ਹਮੇਸ਼ਾ ਹੀ ਉਸਦੇ ਕੋਲ ਰਹਿੰਦਾ ਬਸ ਘਰੋਂ ਨਹਾ ਧੋ ਫਿਰ ਵਾਪਸ ਆ ਜਾਂਦਾ। ਗੋਵਿੰਦ ਨਾਨਕ ਦੇ ਕੋਲ ਬੈਠਾ ਅਕਸਰ ਜਾਂ ਤਾਂ ਬਾਣੀ ਪੜ੍ਹਦਾ ਰਹਿੰਦਾ ਜਾਂ ਫਿਰ ਹੋਰ ਕਿਤਾਬਾਂ। ਕਰੀਬ ਦਸ ਦਿਨ ਗੁਜਰ ਗਏ ਤੇ ਨਾਨਕ ਨੂੰ ਘਰ ਲਿਜਾਣ ਲਈ ਛੁੱਟੀ ਮਿਲ ਗਈ। ਲੱਤਾਂ ਨੂੰ ਪਲਸਤਰ ਲੱਗਾ ਹੋਇਆ ਸੀ, ਜੋ ਕਿ ਕਰੀਬ ਦੋ ਢਾਈ ਮਹੀਨੇ ਪਿੱਛੋਂ ਖੋਲ੍ਹਿਆ ਜਾਣਾ ਸੀ। ਗੋਵਿੰਦ ਤੇ ਉਸਦਾ ਪਰਿਵਾਰ ਨਾਨਕ ਨੂੰ ਆਪਣੇ ਘਰ ਲੈ ਗਏ। ਨਾਨਕ ਦੇ ਘਰ ਨਾਨਕ ਤੋਂ ਬਿਨਾਂ ਹੋਰ ਕੋਈ ਨਾ ਹੋਣ ਕਾਰਨ ਗੋਵਿੰਦ ਦਾ ਪਰਿਵਾਰ ਹੀ ਉਸਦੀ ਦੇਖਭਾਲ 'ਚ ਲੱਗੇ ਰਹੇ। ਨਾਨਕ ਦੇ ਰਿਸ਼ਤੇਦਾਰ ਕਦੇ ਹੀ ਭੁੱਲੇ ਵਿਸਰੇ ਉਸਨੂੰ ਮਿਲਣ ਆ ਜਾਂਦੇ। ਬਹੁਤੇ ਤਾਂ ਉਦੋਂ ਆਉਂਦੇ ਜਦੋਂ ਉਹਨਾਂ ਨੂੰ ਅੰਮ੍ਰਿਤਸਰ ਸ਼ਹਿਰ ਕੋਈ ਕੰਮ ਹੁੰਦਾ ਹਾਂ ਫਿਰ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਬਾਅਦ ਰਾਤ ਰਹਿਣਾ ਹੁੰਦਾ। ਉਂਝ ਕੋਈ ਵੀ ਫ਼ੂਨ ਤੱਕ ਪੁੱਛ ਉਸਦੀ ਖ਼ਬਰ ਨਹੀਂ ਸੀ ਲੈਂਦਾ। ਹੁਣ ਵੀ ਉਸਦੇ ਕਿਸੇ ਰਿਸ਼ਤੇਦਾਰ ਨੂੰ ਨਾਨਕ ਦੇ ਇਸ ਐਕਸੀਡੈਂਟ ਬਾਰੇ ਭੋਰਾ ਖ਼ਬਰ ਨਹੀਂ ਸੀ।

ਨਾਨਕ ਗੋਵਿੰਦ ਦੇ ਘਰ ਰਹਿਣ ਲੱਗਾ। ਜਿੰਨਾ ਮੋਹ ਨਾਨਕ ਦਾ ਗੋਵਿੰਦ ਦਾ ਪਰਿਵਾਰ ਕਰਦਾ ਸੀ ਓਨਾ ਤਾਂ ਉਸਦਾ ਕੋਈ ਸਾਕ ਸਬੰਧੀ ਵੀ ਨਹੀਂ ਸੀ ਕਰਦਾ। ਨਾ ਤਾਂ ਕਦੇ ਨਾਨਕ ਦੇ ਮਨ 'ਚ ਇਹ ਵਿਚਾਰ ਆਈ ਸੀ ਕਿ ਉਹ ਆਪਣੇ ਦੋਸਤ ਦੇ ਘਰ ਰਹਿ ਰਿਹਾ ਏ ਤੇ ਨਾ ਹੀ ਕਦੇ ਗੋਵਿੰਦ ਜਾਂ ਉਸਦੇ ਪਰਿਵਾਰ ਦੇ ਮਨ ਅੰਦਰ। ਜਿਸ ਕਿਸੇ ਨੂੰ ਨਹੀਂ

ਪਤਾ ਕਿ ਨਾਨਕ ਗੋਵਿੰਦ ਦਾ ਦੋਸਤ ਹੈ ਉਹਨੂੰ ਨਾਨਕ ਤੇ ਗੋਵਿੰਦ ਭਰਾ ਹੀ ਜਾਪਦੇ ਸਨ। ਉਹਨਾਂ ਵਿਚ ਪਿਆਰ ਹੀ ਏਨਾ ਸੀ।

ਕੁਝ ਪੰਜ ਸੱਤ ਦਿਨ ਗੁਜਰ ਗਏ ਸਨ। ਇੱਕ ਸ਼ਾਮ ਰੋਟੀ ਪਾਣੀ ਖਾਣ ਜਦੋਂ ਨਾਨਕ ਤੇ ਗੋਵਿੰਦ ਇਕੱਠੇ ਇੱਕ ਕਮਰੇ 'ਚ ਪਏ ਗੱਲਾਂ ਕਰ ਰਹੇ ਸਨ ਤਾਂ ਨਾਨਕ ਨੇ ਕਿਹਾ,

"ਗੋਵਿੰਦ, ਤੂੰ ਕਦੇ ਵਿਚਾਰ ਕੀਤੀ ਹੈ ਕਿ ਰੱਬ ਨੇ ਮੈਨੂੰ ਹੀ ਕਿਉਂ ਇਸ ਏਨੇ ਵੱਡੇ ਦੁੱਖ ਲਈ ਚੁਣਿਆ ਹੈ? ਮੇਰੇ ਐਸੇ ਕੀ ਕਰਮ ਰਹੇ ਹੋਣਗੇ ਪਿਛਲੇ ਜਨਮਾਂ ਦੇ ਜੋ ਮੇਰੇ ਕਰਮਾਂ 'ਚ ਇਸ ਜਨਮ 'ਚ ਦੁੱਖ ਹੀ ਦੁੱਖ ਲਿਖੇ ਨੇ।"

"ਨਾਨਕ ਮੈਂ ਤਾਂ ਇਸ ਬਾਰੇ ਨਹੀਂ ਜਾਣਦਾ, ਹਾਂ ਇਹ ਜ਼ਰੂਰ ਹੈ ਕਿ ਦੁੱਖ ਸੁੱਖ ਜ਼ਿੰਦਗੀ ਦਾ ਹਿੱਸਾ ਨੇ ਸਾਡੇ ਪਿਛਲੇ ਜਨਮਾਂ ਦਾ ਇਸ ਜਨਮ 'ਚ ਕੀ ਰੋਲ ਹੈ ਇਸ ਬਾਰੇ ਮੇਰੇ ਕੋਲ ਕੋਈ ਵਿਚਾਰ ਨਹੀਂ। ਹਾਂ ਇੱਕ ਦਿਨ ਮੈਂ ਨਰਿੰਦਰ ਸਿੰਘ ਕਪੂਰ ਦੀ ਖਿੜਕੀਆਂ ਕਿਤਾਬ ਪੜ੍ਹ ਰਿਹਾ ਸੀ ਤਾਂ ਉਸ ਵਿਚ ਇੱਕ ਵਿਸ਼ਵ ਚੈਂਪੀਅਨ ਆਰਥਰ ਐਸ਼ ਦੀ ਕਹਾਣੀ ਸੀ, ਕਪੂਰ ਸਾਹਬ ਨੇ ਲਿਖਿਆ ਸੀ,

'ਲਾਅਨ ਟੈਨਿਸ ਦੇ ਵਿਸ਼ਵ ਚੈਂਪੀਅਨ ਆਰਥਰ ਐਸ਼ ਨੂੰ ਜਾਨ-ਲੇਵਾ ਰੋਗ ਹੋਣ 'ਤੇ ਵਿਸ਼ਵ ਭਰ ਵਿਚੋਂ ਟੈਨਿਸ-ਪ੍ਰੇਮੀਆਂ ਅਤੇ ਪ੍ਰਸੰਸਕਾਂ ਦੇ ਹਮਦਰਦੀ ਦੇ ਸੁਨੇਹੇ ਪ੍ਰਾਪਤ ਹੋਏ। ਇੱਕ ਪੱਤਰ ਵਿਚ ਲਿਖਿਆ ਸੀ: ਆਖਰ ਪਰਮਾਤਮਾ ਨੇ ਤੁਹਾਨੂੰ ਹੀ ਇਸ ਰੋਗ ਲਈ ਕਿਉਂ ਚੁਣਿਆ ਹੈ? ਐਸ਼ ਨੇ ਉੱਤਰ ਦਿੱਤਾ ਸੀ: ਸੰਸਾਰ ਵਿਚ ਹਰ ਸਾਲ ਪੰਜ ਕਰੋੜ ਬੱਚੇ ਟੈਨਿਸ ਖੇਡਣਾ ਸਿੱਖਦੇ ਹਨ। ਪੰਜਾਹ ਲੱਖ ਸਿੱਖਦੇ ਰਹਿੰਦੇ ਹਨ। ਪੰਜਾਹ ਹਜ਼ਾਰ ਚੰਗੇ ਖਿਡਾਰੀ ਬਣ ਜਾਂਦੇ ਹਨ। ਪੰਜ ਹਜ਼ਾਰ ਮੁਕਾਬਲੇ ਦੀ ਪੱਧਰ ਤੱਕ ਖੇਡਦੇ ਹਨ ਅਤੇ ਮੁਕਾਬਲਿਆਂ ਵਿਚ ਭਾਗ ਲੈਂਦੇ ਹਨ। ਇਨ੍ਹਾਂ ਵਿਚੋਂ ਪੰਜਾਹ ਅੰਤਰ-ਰਾਸ਼ਟਰੀ ਪੱਧਰ ਤੱਕ ਅਪੜਦੇ ਹਨ, ਜਿਨ੍ਹਾਂ ਵਿਚੋਂ ਚਾਰ ਸੈਮੀਫਾਈਨਲ ਅਤੇ ਦੋ ਫਾਈਨਲ ਮੁਕਾਬਲੇ ਵਿਚ ਖੇਡਦੇ ਹਨ ਅਤੇ ਇੱਕ ਵਿਸ਼ਵ ਚੈਂਪੀਅਨ ਬਣਦਾ ਹੈ। ਜਦੋਂ ਮੈਂ ਵਿਸ਼ਵ ਚੈਂਪੀਅਨ ਬਣਿਆ ਸਾਂ ਤਾਂ ਮੈਂ ਰੱਬ ਨੂੰ ਨਹੀਂ ਸੀ ਪੁੱਛਿਆ ਕਿ ਮੈਂ ਹੀ ਕਿਉਂ ਚੈਂਪੀਅਨ ਚੁਣਿਆ ਗਿਆ ਸਾਂ। ਹੁਣ ਮੈਂ ਪਰਮਾਤਮਾ ਨੂੰ ਕਿਉਂ ਪੁੱਛਾਂ ਕਿ ਇਸ ਰੋਗ ਲਈ ਮੈਂ ਕਿਉਂ ਚੁਣਿਆ ਗਿਆ ਹਾਂ?'

ਸੋ ਪਿਆਰੇ ਨਾਨਕ, ਰੱਬ ਨੇ ਤੈਨੂੰ ਹੋਰ ਬਹੁਤ ਸਾਰੀਆਂ ਖ਼ੂਬਸੂਰਤ ਚੀਜ਼ਾਂ ਨਾਲ ਨਿਵਾਜਿਆ ਹੈ, ਤੇਰੇ ਕੋਲ ਸਾਦਗੀ ਹੈ, ਉੱਚਾ ਆਚਰਣ ਹੈ, ਰੱਬ ਨੂੰ ਦੇਖਣ ਵਾਲੀ ਅੱਖ ਹੈ ਤੇ ਸਭ ਤੋਂ ਵੱਡੀ ਗੱਲ ਰੱਬ ਦਾ ਅਤਿ ਪ੍ਰਿਯ ਨਾਂਅ ਤੇਰੇ ਕੋਲ ਹੈ, ਇਹ ਸਭ ਉਸਦਾ ਹੀ ਤਾਂ ਬਖਸ਼ਿਆ ਹੈ, ਕੀ ਤੂੰ ਕਦੇ ਰੱਬ ਨੂੰ ਇਸ ਬਾਰੇ ਸਵਾਲ ਕੀਤਾ ਕਿ ਤੈਨੂੰ ਇਹਨਾਂ ਸਭ ਚੀਜ਼ਾਂ ਲਈ ਕਿਉਂ ਚੁਣਿਆ ਗਿਆ? ਨਾਨਕ ਤੂੰ ਜਰਾ ਆਪਣੇ ਚਾਰੋਂ ਤਰਫ਼ੇ ਨਜ਼ਰ ਘੁੰਮਾ, ਦੇਖ ਦੁਨੀਆਂ ‘ਤੇ ਕਿੰਨਾ ਕਹਿਰ ਹੈ, ਕਿਸੇ ਨੂੰ ਪਾਉਣ ਲਈ ਕੱਪੜਾ ਨਹੀਂ ਜੁੜਦਾ ਕਿਸੇ ਨੂੰ ਖਾਣ ਨੂੰ ਆਟਾ ਨਹੀਂ ਮਿਲਦਾ, ਕਿਸੇ ਕੋਲ ਛੱਤ ਨਹੀਂ, ਕਿਸੇ ਕੋਲ ਮੱਤ ਨਹੀਂ, ਇੱਕ ਨਜ਼ਰ ਨਾਲ ਦੇਖਿਆ ਜਾਵੇ ਤਾਂ ਹਰ ਕਿਸੇ ਕੋਲ ਕੁਝ ਨਾ ਕੁਝ ਤਾਂ ਘਾਟ ਹੈ ਹੀ, ਤੇ ਦੂਜੀ ਨਜ਼ਰ ਨਾਲ ਦੇਖੇ ਤਾਂ ਸਭ ਕੁਝ ਹੀ ਤਾਂ ਆਪਣੇ ਆਪ 'ਚ ਪੂਰਨ ਹੈ। ਮੇਰਾ ਖ਼ਿਆਲ ਹੈ ਸਾਨੂੰ ਸ਼ੁਕਰ ਫਰਮਾਉਣਾ ਚਾਹੀਦਾ ਬਸ, ਜੋ ਵੀ ਸਾਡੇ ਕੋਲ ਹੈ ਤੇ ਜੋ ਸਾਡੇ ਕੋਲ ਨਹੀਂ ਵੀ ਹੈ।

ਤੈਨੂੰ ਇੱਕ ਕਹਾਣੀ ਸੁਣਾਉਂਦਾ ਹਾਂ। ਹਜਰਤ ਮੂਸਾ ਬਾਰੇ ਤਾਂ ਤੂੰ ਜਾਣਦਾ ਹੀ ਹੋਣਾ ਏ। ਕੀ ਹੋਇਆ ਕਿ ਉਹ ਇੱਕ ਦਿਨ ਗਲੀ ਵਿਚੋਂ ਦੀ ਗੁਜਰ ਰਹੇ ਸਨ ਤਾਂ ਇੱਕ ਅਮੀਰ ਆਦਮੀ ਨੇ ਹਜਰਤ ਮੂਸਾ ਨੂੰ ਰੋਕ ਲਿਆ ਤੇ ਕਿਹਾ, 'ਹੇ ਮੂਸਾ, ਤੂੰ ਖ਼ੁਦਾ ਦੇ ਸਭ ਤੋਂ ਨੇੜੇ ਹੈ, ਤੇਰੇ 'ਚ ਮੈਨੂੰ ਖ਼ੁਦਾ ਨਜ਼ਰ ਆਉਂਦਾ ਹੈ, ਹੇ ਮੂਸਾ ਮੇਰੀ ਇੱਕ ਅਰਜ਼ ਰੱਬ ਤਾਈਂ ਪਹੁੰਚਾ ਦੇ। ਉਸਨੂੰ ਆਖ ਹੇ ਖ਼ੁਦਾ ਤੇਰਾ ਦਿੱਤਾ ਮੇਰੇ ਕੋਲ ਬਹੁਤ ਹੈ, ਏਨਾ ਹੈ ਕਿ ਸੱਤ ਪੀੜੀਆਂ ਤੱਕ ਨਹੀਂ ਮੁੱਕਦਾ। ਮੈਨੂੰ ਹੋਰ ਕਿਸੇ ਚੀਜ਼ ਦੀ ਜ਼ਰੂਰਤ ਨਹੀਂ ਹੈ, ਹੇ ਮੂਸਾ ਉਸਨੂੰ ਆਖ ਮੈਨੂੰ ਦੇਣਾ ਬੰਦ ਕਰ ਦੇਵੇ। ਇਸ ਦੁਨੀਆਂ ‘ਤੇ ਮੇਰੇ ਨਾਲੋਂ ਕਿਤੇ ਲੋੜਵੰਦ ਨੇ, ਜਿੰਨ੍ਹਾਂ ਕੋਲ ਖਾਣ ਲਈ ਇੱਕ ਵਕਤ ਤੱਕ ਦੀ ਰੋਟੀ ਨਹੀਂ, ਮੇਰੇ ਕੋਲ ਤੇਰਾ ਦਿੱਤਾ ਸਭ ਹੈ ਬਸ ਕਰ, ਲੋੜਵੰਦਾਂ ਨੂੰ ਦੇ।' ਹਜਰਤ ਮੂਸਾ ਅਮੀਰ ਆਦਮੀ ਦੀ ਗੱਲ 'ਤੇ ਹੈਰਾਨ ਹੋਏ ਤੇ ਠੀਕ ਹੈ ਕਹਿ ਅੱਗੇ ਵਧ ਗਏ। ਅਜੇ ਕੁਝ ਕਦਮ ਹੀ ਤੁਰੇ ਕਿ ਅੱਗੋਂ ਇੱਕ ਗ਼ਰੀਬ ਨੇ ਰਾਹ ਰੋਕ ਲਿਆ ਤੇ ਮੂਸਾ ਦੇ ਚਰਨੀ ਢਹਿ ਪਿਆ ਤੇ ਬੋਲਿਆ, 'ਹੇ ਹਜਰਤ ਮੂਸਾ, ਅੱਲ੍ਹਾ ਦੇ ਨਬੀ, ਤੂੰ ਸਭ ਦੀਆਂ ਦੁਆਵਾਂ ਅੱਲ੍ਹਾ ਦੇ ਘਰ ਤੱਕ ਲੈ ਜਾਂਦਾ ਏ, ਇੱਕ ਦੁਆ ਮੇਰੀ ਵੀ ਲੈ ਜਾ। ਅੱਲ੍ਹਾ ਨੂੰ ਆਖ ਕਿ ਮੈਂ ਬਹੁਤ ਗ਼ਰੀਬ ਹਾਂ, ਇੱਕ ਵਕਤ ਦੀ ਰੋਟੀ ਤੱਕ ਨਹੀਂ ਜੁੜਦੀ, ਕਈ ਦਿਨ ਭੁੱਖੇ ਲੰਘ ਜਾਂਦੇ ਨੇ, ਨਾ ਤਾਂ ਸਿਰ 'ਤੇ ਛੱਤ ਹੈ ਤੇ ਨਾ ਹੀ ਪਹਿਣਨ ਲਈ ਕੱਪੜਾ। ਬਸ ਆਹ ਫਟੀ ਪੁਰਾਣੀ ਇੱਕ

ਕੰਬਲੀ ਹੈ ਮੇਰੇ ਕੋਲ। ਹੇ ਹਜਰਤ, ਅੱਲ੍ਹਾ ਪਾਕ ਨੂੰ ਆਖ ਮੇਰੇ 'ਤੇ ਰਹਿਮ ਫ਼ਰਮਾ, ਮੇਰੀ ਗੁਰਬਤ ਨੂੰ ਦੂਰ ਕਰਦੇ।' ਮੂਸਾ ਠੀਕ ਹੈ ਕਹਿ ਅੱਗੇ ਵਧ ਗਏ। ਸ਼ਾਮ ਨੂੰ ਮੂਸਾ ਖ਼ੁਦਾ ਦੀ ਯਾਦ 'ਚ ਬੈਠਾ ਤਾਂ ਮੂਸਾ ਨੇ ਅਮੀਰ ਅਤੇ ਗ਼ਰੀਬ ਦੀ ਅਰਜ਼ ਖ਼ੁਦਾ ਅੱਗੇ ਕਰੀ ਤਾਂ ਖ਼ੁਦਾ ਨੇ ਮੂਸਾ ਨੂੰ ਕਿਹਾ ਕਿ ਉਸ ਅਮੀਰ ਆਦਮੀ ਨੂੰ ਆਖ ਕਿ ਤੂੰ ਸ਼ੁਕਰ ਕਰਨਾ ਬੰਦ ਕਰ ਦੇ ਮੈਂ ਦੇਣਾ ਬੰਦ ਕਰ ਦਿਆਂਗਾ, ਤੇ ਉਸ ਗਰੀਬੜੇ ਨੂੰ ਆਖ ਕੇ ਸ਼ੁਕਰ ਕਰਨਾ ਸ਼ੁਰੂ ਕਰ ਮੈਂ ਦੇਣਾ ਸ਼ੁਰੂ ਕਰ ਦਿਆਂਗਾ। ਮੂਸਾ ਨੇ ਠੀਕ ਹੈ ਕਿਹਾ ਤੇ ਅਗਲੇ ਦਿਨ ਜਦ ਗਲੀ 'ਚੋਂ ਲੰਘਿਆ ਤਾਂ ਫਿਰ ਤੋਂ ਅਮੀਰ ਆਦਮੀ ਮਿਲਿਆ, ਮੂਸਾ ਨੇ ਕਿਹਾ, 'ਭਾਈ ਖ਼ੁਦਾ ਦਾ ਫ਼ੁਰਮਾਨ ਹੈ ਸ਼ੁਕਰ ਕਰਨਾ ਬੰਦ ਕਰਦੇ, ਮੈਂ ਦੇਣਾ ਬੰਦ ਕਰਦਾਂਗਾ।' ਅਮੀਰ ਆਦਮੀ ਕਿਹਾ, 'ਸ਼ੁਕਰ ਕਰਨਾ ਬੰਦ ਕਰਦਾ, ਹੇ ਮੂਸਾ ਕਿਵੇਂ ਦੀਆਂ ਗੱਲਾਂ ਕਰ ਰਹੇ ਹੋ, ਜਿਸ ਖ਼ੁਦਾ ਨੇ ਮੈਨੂੰ ਸਭ ਕੁਝ ਦਿੱਤਾ ਉਸ ਦਾ ਸ਼ੁਕਰ ਕਰਨਾ ਬੰਦ ਕਰ ਦਿਆ। ਮੈਂ ਸ਼ੁਕਰ ਕਰਨਾ ਬੰਦ ਨਹੀਂ ਕਰ ਸਕਦਾ, ਉਸਨੂੰ ਆਖ ਉਂਝ ਦੇਣਾ ਬੰਦ ਕਰਨਾ ਤਾਂ ਕਰਦੇ ਪਰ ਸ਼ੁਕਰ ਕਰਨਾ ਬੰਦ ਨਹੀਂ ਹੋਵੇਗਾ।' ਮੂਸਾ ਠੀਕ ਹੈ ਕਹਿ ਅੱਗੇ ਵਧ ਗਿਆ। ਅੱਗੇ ਗਿਆ ਤਾਂ ਗ਼ਰੀਬ ਆਦਮੀ ਮਿਲਿਆ ਤੇ ਹਜਰਤ ਮੂਸਾ ਉਸਨੂੰ ਦੇਖ ਰੁਕ ਗਏ। ਗ਼ਰੀਬ ਆਦਮੀ ਕੋਲ ਆਇਆ ਤਾਂ ਹਜਰਤ ਨੇ ਕਿਹਾ, 'ਭਾਈ ਅੱਲ੍ਹਾ ਦਾ ਫ਼ੁਰਮਾਨ ਹੈ, ਸ਼ੁਕਰ ਕਰਨਾ ਸ਼ੁਰੂ ਕਰ, ਤੂੰ ਸ਼ੁਕਰ ਕਰਨਾ ਸ਼ੁਰੂ ਕਰ, ਮੈਂ ਦੇਣਾ ਸ਼ੁਰੂ ਕਰ ਦੇਵਾਂਗਾ। ਗ਼ਰੀਬ ਆਦਮੀ ਭੜਕ ਉੱਠਿਆ, 'ਸ਼ੁਕਰ ਕਰਾਂ ਮੂਸਾ, ਕਿਸ ਸ਼ੈਅ ਦਾ ਸ਼ੁਕਰ ਕਰਾਂ, ਅੱਲ੍ਹਾ ਨੇ ਅੱਜ ਤੱਕ ਮੈਨੂੰ ਦਿੱਤਾ ਹੀ ਕੀ ਹੈ ਜਿਸਦਾ ਸ਼ੁਕਰ ਕਰਾਂ, ਨਾ ਤਾਂ ਖਾਣ ਨੂੰ ਰੋਟੀ ਨਾ ਪਹਿਨਣ ਨੂੰ ਕੱਪੜਾ। ਸਾਰੀ ਉਮਰ ਮੇਰੀ ਗ਼ੁਰਬਤ 'ਚ ਹੀ ਨਿਕਲ ਲਈ। ਹਜਰਤ ਆਪ ਦੱਸੋ ਕਿਸ ਚੀਜ਼ ਦਾ ਸ਼ੁਕਰ ਕਰਾਂ ਮੈਂ? ਉਹ ਕੁਝ ਦੇਵੇ ਤਾਂ ਸ਼ੁਕਰ ਕਰਾਂ, ਕਿਸਦਾ ਸ਼ੁਕਰ ਕਰਾਂ ਇਸ ਫਟੀ ਪੁਰਾਣੀ ਕੰਬਲੀ ਦਾ? ਅੱਲ੍ਹਾ ਨੂੰ ਆਖ ਮੈਨੂੰ ਕੁਝ ਦੇਵੇ ਤਾਂ ਸ਼ੁਕਰ ਕਰੂ, ਬਿਨਾਂ ਦਿੱਤੇ ਮੈਂ ਸ਼ੁਕਰ ਵੀ ਕੀ ਕਰਾਂ?' ਹਜਰਤ ਮੂਸਾ ਠੀਕ ਹੈ ਕਹਿ ਅੱਗੇ ਵਧ ਗਏ। ਜਿਉਂ ਹੀ ਉਹ ਕੁਝ ਕਦਮਾਂ 'ਤੇ ਅੱਗੇ ਵਧੇ ਇੱਕ ਦਮ ਜੋਰਦਾਰ ਤੂੰਫ਼ਾਨ ਆਇਆ ਤੇ ਗ਼ਰੀਬ ਕੋਲ ਜੋ ਫਟੀ ਪੁਰਾਣੀ ਕੰਬਲੀ ਸੀ ਉਹ ਵੀ ਉੱਡ ਗਈ।

ਸੋ ਹੇ ਨਾਨਕ ਜੋ ਕੋਲ ਹੈ ਉਸਦਾ ਸ਼ੁਕਰ ਕਰ, ਜੋ ਨਹੀਂ ਹੈ ਉਸ ਵਾਸਤੇ ਅਫ਼ਸੋਸ ਨਾ ਜਤਾ।"

ਨਾਨਕ ਕੁਝ ਦੇਰ ਚੁੱਪ ਬੈਠਾ ਰਿਹਾ ਤੇ ਫਿਰ ਬੋਲਿਆ,

"ਗੋਵਿੰਦ ਤੇਰੀਆਂ ਤੀਰ ਕੱਸਦੀਆਂ ਗੱਲਾਂ ਮੇਰੇ ਮਨ 'ਤੇ ਚੋਟ ਜ਼ਰੂਰ ਲਾ ਰਹੀਆਂ ਨੇ ਪਰ ਇਹਨਾਂ ਦਾ ਅਸਰ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਮੇਰੀ ਆਹ ਲੱਗੀ ਹੋਈ ਸੱਟ ਲਈ ਕੁਝ ਦੇਰ ਲਈ ਦਰਦ ਦੀ ਦਵਾਈ। ਤੇਰੀ ਇਹ ਤਰਕ ਪੂਰਨ ਗੱਲ ਮੈਨੂੰ ਸਮਝ ਤਾਂ ਆਉਂਦੀ ਹੈ ਪਰ ਇਹ ਬਹੁਤਾ ਚਿਰ ਮੇਰੇ ਅੰਤਰ ਮਨ ਅੰਦਰ ਟਿਕੀ ਨਹੀਂ ਰਹਿੰਦੀ। ਮੈਂ ਇਸ ਤੋਂ ਝੱਟ ਹੀ ਭਟਕ ਜਾਂਦਾ ਹਾਂ।"

"ਨਾਨਕ, ਤੇਰੇ ਅੰਦਰ ਕਿੰਨੀ ਜਗਿਆਸਾ ਹੈ ਜਾਣਨ ਦੀ, ਖ਼ੁਦ ਨੂੰ ਬਦਲਣ ਦੀ। ਮੈਂ ਸੁਣਿਆ ਹੈ ਜਿਸਦੇ ਅੰਦਰ ਕੁਝ ਜਾਣਨ ਦੀ ਜਗਿਆਸਾ ਉਮੜ ਪਵੇ ਉਹ ਬੇਸ਼ੱਕ, ਉਹ ਜਾਣ ਲਵੇਗਾ ਜੋ ਉਹ ਜਾਣਨਾ ਚਾਹੁੰਦਾ ਹੈ। ਹਾਂ ਅੱਜ ਤੇਰੇ ਅੰਦਰ ਮੇਰੀ ਕੀਤੀ ਗੱਲ ਦਾ ਕੋਈ ਟਿਕਾਅ ਨਹੀਂ ਹੈ, ਪਰ ਤੈਨੂੰ ਇਹ ਮੁਬਾਰਕ ਹੈ ਕਿ ਤੂੰ ਟਿਕਾਅ ਕਰਨ ਦਾ ਇੱਛੁਕ ਹੈ। ਤੇਰੀ ਚਾਹਤ ਹੈ ਸੱਚ ਦੀ ਕੰਬਲੀ ਓੜਨ ਦੀ, ਤੂੰ ਬੇਮਤਲਬੀ ਬਹਿਸ ਨਹੀਂ ਕਰ ਰਿਹਾ ਸਗੋਂ ਖ਼ੁਦ ਨੂੰ ਝੁਕਾ ਖ਼ੁਦ ਨੂੰ ਸਹੀ ਰਾਹ ਲਿਜਾਣਾ ਚਾਹੁੰਦਾ ਹੈ। ਹਾਂ ਜੋ ਗੱਲ ਕੀਤੀ ਸ਼ੁਕਰ ਦੀ, ਮੈਂ ਇਹ ਤਾਂ ਜਾਣਦਾ ਹਾਂ ਕਿ ਇਹ ਸ਼ੁਕਰ ਕਰਨਾ ਜ਼ਰੂਰੀ ਹੈ ਪਰ ਇੱਕ ਪਲ਼ ਵਿਚ ਸ਼ੁਕਰ ਨੂੰ ਤੇਰੇ ਅੰਦਰ ਕਿਵੇਂ ਬਿਠਾ ਦਿਆਂ ਮੈਂ ਇਹ ਨਹੀਂ ਜਾਣਦਾ। ਇਹ ਤਾਂ ਉਹ ਪਰਵਦਗਾਰ ਹੀ ਹੈ ਜੋ ਤੇਰੇ ਅੰਦਰ ਇਹ ਚਾਨਣ ਦਾ ਦੀਵਾ ਬਾਲ ਸਕਦਾ ਹੈ। ਉਂਝ ਤਾਂ ਅਕਸਰ ਮੈਂ ਤੈਨੂੰ ਹੀ ਪਾਰਬ੍ਰਹਮ ਆਖਦਾ ਹਾਂ ਤੇ ਮੰਨਦਾ ਵੀ ਹਾਂ ਇਸ ਲਈ ਤੇਰੇ ਸਵਾਲ ਦਾ ਜੁਆਬ ਤੇਰੇ ਕੋਲ ਹੀ ਹੋ ਸਕਦਾ ਹੈ, ਪਾਰਬ੍ਰਹਮ ।"

"ਹਾਹਾਹਾਹ.. ਕਿਉਂ ਭੋਲੀਆਂ ਗੱਲਾਂ ਕਰਦਾ ਏ ਗੋਵਿੰਦੇ। ਪਾਰਬ੍ਰਹਮ ਹੋਣਾ ਕੀ ਕੋਈ ਖੇਡ ਹੈ? ਤੇਰੇ ਕਹਿਣ ਨਾਲ ਮੈਂ ਪਾਰਬ੍ਰਹਮ ਨਹੀਂ ਹੋ ਚੱਲਾ। ਮੈਂ ਤਾਂ ਪਾਰਬ੍ਰਹਮ ਦੇ ਅਸਲ ਭਾਵ ਨੂੰ ਵੀ ਨਹੀਂ ਜਾਣ ਪਾਇਆ ਅੱਜ ਤੱਕ।"

"ਤੇ ਇਸਦਾ ਅਸਲ ਭਾਵ ਤੈਨੂੰ ਮੈਂ ਦੱਸ ਦੇਂਦਾ ਨਾਨਕ। ਪਾਰਬ੍ਰਹਮ ਦਾ ਮਤਲਬ ਹੈ, ਬ੍ਰਹਮ ਤੋਂ ਪਰੇ ਹੈ, ਜੋ ਜਨਮ ਮਰਨ ਦੇ ਗੇੜ 'ਚ ਨਹੀਂ ਆਉਂਦਾ, ਜੋ ਅਬਨਾਸੀ ਹੈ, ਜੋ ਅਚੱਲ

ਹੈ, ਜੋ ਅਮੂਰਤ ਹੈ, ਜੋ ਅਜੂਨੀ ਹੈ। ਨਾਨਕ ਤੂੰ ਰੋਜ਼ ਜਪੁਜੀ ਸਾਹਿਬ ਦਾ ਪਾਠ ਕਰਦਾ ਏ, ਸ਼ੁਰੂਆਤੀ ਵਿਚ ਮੂਲਮੰਤਰ, ਉਸ ਪਾਰਬ੍ਰਹਮ ਦਾ ਹੀ ਤਾਂ ਅਸਲ ਭਾਵ ਹੈ।"

"ਹਾਹਾਹਾ.. ਨਹੀਂ ਗੋਵਿੰਦ ਮੈਂ ਸ਼ਾਬਦਿਕ ਅਰਥਾਂ ਦੀ ਗੱਲ ਨਹੀਂ ਕੀਤੀ, ਮੈਂ ਕਿਹਾ ਕਿ ਉਹ ਕੌਣ ਹੈ, ਕੀ ਹੈ, ਕਿੱਥੇ ਹੈ, ਮੈਂ ਇਹ ਨਹੀਂ ਜਾਣਦਾ। ਮੈਂ ਉਹਨੂੰ ਪੜ੍ਹਿਆ ਤਾਂ ਹੈ, ਮੰਨਿਆ ਤਾਂ ਹੈ, ਪਰ ਜਾਣਿਆ ਨਹੀਂ ਹੈ।"

"ਨਾਨਕ ਮੈਨੂੰ ਲੱਗਦਾ ਮੈਂ ਤੇਰੀਆਂ ਗੱਲਾਂ 'ਚ ਉਲਝ ਜਾਵਾਂਗਾ। ਮੈਂ ਤਾਂ ਬੇਨਤੀ ਕਰਾਂਗਾ ਪਾਰਬ੍ਰਹਮ ਨੂੰ ਕਿ ਹੁਣੇ ਆ ਤੈਨੂੰ ਤੇਰਾ ਜੁਆਬ ਦੇਵੇ।"

"ਹਾਹਾ.. ਕਿਸੇ ਵੇਲੇ ਤਾਂ ਗੋਵਿੰਦ ਤੂੰ ਬੜੀਆਂ ਜੀ ਅਜੀਬ ਜਿਹੀਆਂ ਗੱਲਾਂ ਕਰਦਾ ਏ, ਆਖੇ ਜੀ ਪਾਰਬ੍ਰਹਮ ਹੁਣੇ ਆ ਜੁਆਬ ਦੇਵੇ, ਜਿਵੇਂ ਤੇਰੇ ਕੋਲ ਹੀ ਬੈਠਾ ਹੈ ਤੇ ਹੁਣੇ ਉੱਠ ਖੜ੍ਹ ਜੁਆਬ ਦੇਵੇਗਾ।"

"ਨਾਨਕ, ਤੈਨੂੰ ਭਗਤ ਨਾਮਦੇਵ ਵਾਲੀ ਸਾਖੀ ਤਾਂ ਯਾਦ ਹੋਣੀ ਹੀ ਹੈ ਜਦ ਭਗਤ ਨਾਮਦੇਵ ਜੀ ਮੰਦਰ ਦੇ ਅੰਦਰ ਹਰੀ ਦੇ ਦਰਸ਼ਨ ਕਰਨ ਲਈ ਗਏ ਤਾਂ ਪੁਜਾਰੀਆਂ ਨੇ ਨਾਮਦੇਵ ਜੀ ਨੂੰ ਬਾਹੋਂ ਫੜ੍ਹ ਬਾਹਰ ਕੱਢ ਦਿੱਤਾ ਸੀ। ਤਾਂ ਨਾਮਦੇਵ ਜੀ ਮੰਦਰ ਦੇ ਪਿਛਲੇ ਪਾਸੇ ਜਾ ਬੈਠ ਗਏ ਫਿਰ ਜਿਉਂ ਜਿਉਂ ਉਹ ਹਰੀ ਦਾ ਨਾਮ ਸਿਮਰਨ ਲੱਗੇ ਤਾਂ ਮੰਦਰ ਦੀ ਮੂੰਹ ਵੀ ਉਹਨਾਂ ਵੱਲ ਘੁੰਮਦਾ ਗਿਆ। ਨਾਨਕ, ਜੇਕਰ ਭਗਤ ਨਾਮਦੇਵ ਦੇ ਸੱਚੇ ਭਾਵ ਨਾਲ ਕਹਿਣ 'ਤੇ ਹਰੀ ਮੰਦਰ ਦਾ ਮੂੰਹ ਘੁੰਮਾ ਸਕਦਾ ਹੈ ਤਾਂ ਫਿਰ ਸਾਡੇ ਕਹਿਣ 'ਤੇ ਕਿਉਂ ਨਹੀਂ ਸਾਡੇ ਜੁਆਬ ਦੇ ਸਕਦਾ। ਭਗਤ ਨਾਮਦੇਵ ਜੀ ਨੇ ਤਾਂ ਆਪਣੀ ਬਾਣੀ ਵਿਚ ਵੀ ਫਰਮਾਇਆ ਹੈ,

**ਜਿਉ ਜਿਉ ਨਾਮਾ ਹਰਿ ਗੁਣ ਉਚਰੈ॥**

**ਭਗਤ ਜਨਾਂ ਕਉ ਦੇਹੁਰਾ ਫਿਰੈ॥**

ਸ੍ਰੀ ਗੁਰੂ ਗ੍ਰੰਥ ਸਾਹਿਬ। ਅੰਗ ੧੧੬੪.

ਜਿਉਂ ਹੀ ਗੋਵਿੰਦ ਨੇ ਭਗਤ ਨਾਮਦੇਵ ਜੀ ਦਾ ਰਚਿਤ ਸ਼ਬਦ ਪੜ੍ਹਿਆ ਤਾਂ ਇੱਕ ਦਮ ਸਭ ਸੁੰਨ ਹੋ ਗਿਆ। ਸਾਰੇ ਪਾਸੇ ਚੁੱਪ ਪਸਰ ਗਈ, ਟਟੀਰੀ ਦੇ ਕੁਸਕਨ ਦੀ ਆਵਾਜ਼ ਤੱਕ ਨਾ ਆਈ। ਹਰ ਤਰਫ਼ ਬਸ ਸੁੰਨ ਸੀ। ਫਿਰ ਇੱਕ ਦਮ ਜੋਤ ਜਗੀ ਤੇ ਪ੍ਰਕਾਸ਼ ਰੂਪ ਵਿਚ ਬਦਲ ਗਈ। ਹਰ ਤਰਫ਼ ਬਸ ਸ਼ੀਤਲ ਪ੍ਰਕਾਸ਼, ਜੋ ਅੱਖਾਂ ਨੂੰ ਚੁਭਣ ਵਾਲਾ ਨਹੀਂ ਬਲਕਿ ਅੱਖਾਂ ਨੂੰ ਠੰਡਕ ਪਹੁੰਚਾਉਣ ਵਾਲਾ ਪ੍ਰਕਾਸ਼ ਸੀ। ਪ੍ਰਕਾਸ਼ ਦਾ ਕੋਈ ਰੂਪ ਨਹੀਂ ਸੀ ਤੇ ਨਾ ਕੋਈ ਆਕਾਰ, ਬਸ ਪ੍ਰਕਾਸ਼ ਸੀ। ਜਿਵੇਂ ਪੰਦਰਾਂ ਕੋਟ ਦੂਰ ਸਥਿਤ ਸੂਰਜ ਨੂੰ ਠੰਡਾ ਕਰ ਨਾਨਕ ਤੇ ਗੋਵਿੰਦ ਦੇ ਕੋਲ ਆ ਖੜਾ ਕਰ ਦਿੱਤਾ ਹੋਵੇ। ਦੋਵਾਂ ਦੀਆਂ ਅੱਖਾਂ ਇਸ ਇੱਕ ਦਮ ਉਮੜੇ ਅਚਰਜ ਪ੍ਰਕਾਸ਼ ਕਾਰਨ ਬੰਦ ਹੋ ਗਈਆਂ। ਕੁਝ ਪਲ਼ ਇਹ ਨਜ਼ਾਰਾ ਇੰਝ ਹੀ ਰਿਹਾ। ਜਿਵੇਂ ਇਸੇ ਪਲ਼ ਵਿਚ ਕਈ ਯੁੱਗ ਪਲਟ ਗਏ ਹੋਣ। ਪ੍ਰਕਾਸ਼ ਸਥਿਰ ਰਿਹਾ ਤੇ ਕੁਝ ਪਲ਼ ਪਿੱਛੋਂ ਪ੍ਰਕਾਸ਼ 'ਚੋਂ ਆਵਾਜ਼ ਆਈ,

"ਹੇ ਤ੍ਰਿਪਤਾ ਦੇ ਲਾਲ, ਦੇਵਕੀ ਨੰਦਨ, ਆਪਣੀਆਂ ਅੱਖਾਂ ਖੋਲ੍ਹੋ।"

ਨਾਨਕ ਤੇ ਗੋਵਿੰਦ ਨੇ ਬੜੇ ਹੀ ਸਹਿਜ ਭਾਵ ਨਾਲ ਆਪਣੀਆਂ ਅੱਖਾਂ ਖੋਲ੍ਹੀਆਂ ਤੇ ਸਾਹਮਣੇ ਪ੍ਰਕਾਸ਼ਮਾਨ ਸਵਰੂਪ ਨੂੰ ਪਾਇਆ। ਜਿਸਦੇ ਅੰਦਰ ਕੋਈ ਆਕਾਰ ਨਹੀਂ ਸੀ ਤੇ ਨਾ ਹੀ ਕੋਈ ਸਰੀਰ ਸੀ। ਉੱਥੇ ਕੇਵਲ ਤੇ ਕੇਵਲ ਪ੍ਰਕਾਸ਼ ਸੀ। ਜਿਉਂ ਹੀ ਗੋਵਿੰਦ ਤੇ ਨਾਨਕ ਨੇ ਪ੍ਰਕਾਸ਼ਮਾਨ ਸਵਰੂਪ 'ਤੇ ਧਿਆਨ ਕੇਂਦਰਿਤ ਕੀਤਾ ਤੇ ਆਪਣੇ ਆਪ ਹੀ ਹੱਥ ਜੋੜ ਲਏ। ਸ਼ਾਇਦ ਉਹਨਾਂ ਨੂੰ ਗਿਆਨ ਹੋ ਗਿਆ ਸੀ ਸਾਹਮਣੇ ਕੌਣ ਹੈ। ਉਹਨਾਂ ਦੇ ਲਬਾਂ ਤੋਂ ਇੱਕ ਲ਼ਫ਼ਜ਼ ਤੱਕ ਨਹੀਂ ਸੀ ਆਖਿਆ ਜਾ ਰਿਹਾ। ਉਹ ਬਸ ਉਸ ਪ੍ਰਕਾਸ਼ਮਾਨ ਸਵਰੂਪ ਦੀ ਪ੍ਰਕਾਸ਼ੀ ਕੰਬਲੀ 'ਚ ਗਵਾਚ ਚੁੱਕੇ ਸਨ। ਉਹਨਾਂ ਦੇ ਆਸ ਪਾਸ ਦੀਆਂ ਸਭ ਚੀਜ਼ਾਂ ਇੱਕ ਦਮ ਸ਼ਾਂਤ ਸਨ। ਉਹਨਾਂ ਦੇ ਅੰਦਰ ਦੀ ਆਵਾਜ਼ ਵੀ ਚੁੱਪ ਸੀ। ਉਹਨਾਂ ਦਾ ਸਰੀਰ ਠੰਡਾ ਹੋ ਗਿਆ ਸੀ। ਉਹਨਾਂ ਨੂੰ ਆਪਣੇ ਹੀ ਸਰੀਰ ਦਾ ਭਾਰ ਫੁੱਲ ਤੋਂ ਵੀ ਹੌਲਾ ਜਾਪ ਰਿਹਾ ਸੀ। ਉਹ ਇਹ ਜਾਣ ਹੀ ਨਹੀਂ ਪਾ ਰਹੇ ਸਨ ਕਿ ਉਹ ਬੈਠੇ ਹਨ, ਖੜੇ ਹਨ ਜਾਂ ਲੰਮੇ ਪਏ ਹਨ। ਕਿਸੇ ਪ੍ਰਕਾਰ ਦੀ ਕੋਈ ਸਥਿਤੀ ਉਹਨਾਂ ਦੇ ਨਾ ਆਸ ਪਾਸ ਸੀ ਤੇ ਨਾ ਹੀ ਮਨ ਅੰਦਰ। ਉਹ

ਪ੍ਰਕਾਸ਼ ਦੀ ਚਾਦਰ ਵਿਚ ਪ੍ਰਕਾਸ਼ ਹੋ ਗਏ ਜਾਪਦੇ ਸਨ। ਉਹ ਚੁੱਪ ਸਨ ਤੇ ਪ੍ਰਕਾਸ਼ਮਾਨ ਸਵਰੂਪ 'ਚ ਗਵਾਚੇ ਹੋਏ ਸਨ ਤਾਂ ਪ੍ਰਕਾਸ਼ 'ਚੋਂ ਮੁੜ ਤੋਂ ਆਵਾਜ਼ ਆਈ,

"ਨਾਨਕ, ਚੁੱਪ ਕਿਉਂ ਹੈ, ਹੇ ਗੋਵਿੰਦ ਤੇਰੇ ਲਬ ਕੁਝ ਕਹਿ ਕਿਉਂ ਨਹੀਂ ਰਹੇ?"

ਨਾਨਕ ਤੇ ਗੋਵਿੰਦ ਜਿਵੇਂ ਪ੍ਰਕਾਸ਼ਮਾਨ ਸਵਰੂਪ ਦੀ ਆਵਾਜ਼ ਸੁਣ ਵੈਰਾਗ ਨਾਲ ਭਰ ਗਏ ਹੋਣ। ਉਹਨਾਂ ਦੇ ਅੰਦਰ ਕੇਵਲ ਅਤਿਅੰਤ ਪ੍ਰੇਮ ਹੋਵੇ। ਜਿਵੇਂ ਕੁਝ ਕਹਿਣ ਦੀ ਇੱਛਾ ਬਾਕੀ ਹੀ ਨਾ ਬਚੀ ਹੋਵੇ। ਨਾਨਕ ਨੇ ਪ੍ਰਕਾਸ਼ਮਾਨ ਸਵਰੂਪ ਨੂੰ ਵੈਰਾਗ 'ਚ ਹੀ ਨਮਨ ਕੀਤਾ ਤੇ ਕਿਹਾ,

"ਹੇ ਸਚਦਾਨੰਦ ਸਵਰੂਪ, ਮੈਂ ਕੀ ਆਖਾਂ, ਮੇਰੇ ਕੋਲ ਕਹਿਣ ਲਈ ਕੁਝ ਬਾਕੀ ਹੀ ਨਹੀਂ ਬਚਿਆ ਹੈ। ਆਪਦਾ ਇੱਥੇ ਉਪਸਥਿਤ ਹੋਣਾ ਹੀ ਸਮਝ ਤੋਂ ਪਰ੍ਹੇ ਹੈ। ਆਪਦੇ ਇਸ ਪ੍ਰਕਾਸ਼ਮਾਨ ਸਵਰੂਪ ਦੇ ਆਨੰਦ ਕਾਰਨ ਸਾਡੇ ਸਭ ਅਲਫ਼ਾਜ ਚੁੱਪ ਹੋ ਗਏ ਨੇ। ਉਹਨਾਂ ਨੂੰ ਕਿਤੇ ਰੁਕਣ ਲਈ ਕੋਈ ਥਾਂ ਟਿਕਾਣਾ ਨਹੀਂ ਮਿਲ ਰਿਹਾ। ਹੇ ਪਾਰਬ੍ਰਹਮ ਆਪ ਕਮਾਲ ਹੋ। ਮੈਂ ਆਪਨੂੰ ਕੀ ਆਖਾਂ।"

"ਗੋਵਿੰਦ ਕੀ ਤੇਰੇ ਕੋਲ ਕਹਿਣ ਲਈ ਵੀ ਕੁਝ ਨਹੀਂ ਹੈ?"

ਗੋਵਿੰਦ ਦੀਆਂ ਅੱਖੀਆਂ 'ਚੋਂ ਵੈਰਾਗ ਬਰਸ ਰਿਹਾ ਸੀ, ਉਸਨੇ ਆਪਣੀਆਂ ਅੱਖਾਂ ਪੂੰਝੀਆਂ ਤੇ ਬੋਲਿਆ,

"ਹੇ ਕ੍ਰਿਪਾਲੂ, ਤੂੰ ਸਭ ਜਾਣਦਾ ਹੈ, ਮੈਂ ਕੀ ਬੋਲਾਂ? ਐਸਾ ਕੀ ਹੈ ਜੋ ਮੈਂ ਬੋਲ ਸਕਾਂ ਜੋ ਤੂੰ ਜਾਣਦਾ ਨਾ ਹੋਵੇ? ਮੇਰੇ ਆਹ ਦਿੱਤੇ ਸ਼ਬਦ ਵੀ ਤਾਂ ਤੇਰੇ ਹੀ ਨੇ। ਇਹ ਜ਼ੁਬਾਨ ਤੇਰੀ ਮਿਹਰ ਸਦਕਾ ਹੀ ਤਾਂ ਤੇਰੇ ਨਾਲ ਗੱਲ ਕਰਨ ਦਾ ਸਾਹਸ ਕਰ ਰਹੀ ਹੈ। ਹੇ ਦਯਾਲੂ ਐਸਾ ਕੀ ਹੈ ਜੋ ਮੈਂ ਨਾ ਬੋਲਾਂ ਤੇ ਤੂੰ ਜਾਣ ਨਾ ਸਕੇ, ਤੂੰ ਤਾਂ ਮੇਰੇ ਕਹਿਣ ਤੋਂ ਪਹਿਲਾਂ ਹੀ ਸਭ ਜਾਣਦਾ ਹੈ।"

"ਹਾਹਾਹਾਹਾਹਾਹ... ਹਹਾਹਾਹਹਾਹਾਹ.."

ਪ੍ਰਕਾਸ਼ਮਾਨ ਸਵਰੂਪ 'ਚੋਂ ਹਾਸੇ ਦੀ ਆਵਾਜ਼ ਆਈ। ਜਿਉਂ ਹੀ ਹਾਸੇ ਦੀ ਆਵਾਜ਼ ਆਈ ਇੰਞ ਲੱਗਿਆ ਜਿਵੇਂ ਹਰ ਤਰਫ਼ ਖੁਸ਼ਬੂਆਂ ਦੇ ਅੰਬਾਰ ਖੁੱਲ੍ਹ ਗਏ ਹੋਣ, ਜਿਵੇਂ ਅਰਬਾਂ ਖਰਬਾਂ ਹੀ ਝਰਨਿਆਂ ਦੇ ਡਿੱਗਣ ਦੀ ਮਧੁਰ ਆਵਾਜ਼ ਦੀ ਗੂੰਜ ਪੈ ਰਹੀ ਹੋਵੇ, ਜਿਵੇਂ ਕੁਦਰਤ ਦਾ ਹਰ ਗਾਣ ਕੇਵਲ ਇੱਕ ਸੁਰ ਵਿਚ ਵੀਣਾ 'ਤੇ ਚੱਲ ਰਿਹਾ ਹੋਵੇ। ਐਸਾ ਹਾਸਾ ਨਾ ਤਾਂ ਕਦੇ ਕਿਸੇ ਸੁਣਿਆ ਸੀ ਤੇ ਨਾ ਹੀ ਉਸਦਾ ਜ਼ਿਕਰ। ਪ੍ਰਕਾਸ਼ਮਾਨ ਸਵਰੂਪ ਦੀ ਇਸ ਅਚਰਜ ਕਲਾ ਤੋਂ ਇਹ ਤਾਂ ਸਿੱਧ ਹੋ ਚੁੱਕਾ ਸੀ ਕਿ ਇਹ ਪਾਰਬ੍ਰਹਮ ਹੈ, ਅਕਾਲ ਪੁਰਖ ਹੈ। ਪਾਰਬ੍ਰਹਮ ਹੱਸਿਆ ਤੇ ਫਿਰ ਬੋਲਿਆ,

"ਹੇ ਨਾਨਕ ਹੇ ਗੋਵਿੰਦ ਤੁਸੀਂ ਮੇਰੇ ਪ੍ਰਿਯ ਹੋ, ਮੇਰੇ ਨੇੜੇ ਹੋ ਮੈਂ ਤੁਹਾਡੀਆਂ ਗੱਲਾਂ ਨੂੰ ਅੰਮ੍ਰਿਤ ਦੀ ਤਰ੍ਹਾਂ ਘੋਲ ਪੀ ਲੈਂਦਾ ਹਾਂ।"

ਪਾਰਬ੍ਰਹਮ ਦੀ ਗੱਲ ਸੁਣ ਨਾਨਕ ਬੋਲਿਆ,

"ਹੇ ਪਾਰਬ੍ਰਹਮ, ਮੈਂ ਤੇਰਾ ਹੀ ਅੰਸ਼ ਹਾਂ, ਤੂੰ ਜਿਵੇਂ ਹੁਕਮ ਕਰਨਾ ਹੈ ਉਵੇਂ ਹੀ ਹੋਣਾ ਹੈ, ਪਰ ਕੀ ਮੈਂ ਇੱਕ ਸਵਾਲ ਕਰ ਸਕਦਾ ਹਾਂ?"

"ਹਾਂ ਨਾਨਕ।"

"ਹੇ ਸਚਦਾਨੰਦ ਸਵਰੂਪ, ਕੀ ਮੈਂ ਜਾਣ ਸਕਦਾ ਹਾਂ ਕਿ ਆਪ ਨੇ ਮੈਨੂੰ ਤੇ ਗੋਵਿੰਦ ਨੂੰ ਸਾਡੇ ਨਾਂਅ ਤੋਂ ਨਹੀਂ ਬਲਕਿ ਤ੍ਰਿਪਤਾ ਦੇ ਲਾਲ ਤੇ ਦੇਵਕੀ ਨੰਦਨ ਕਿਉਂ ਪੁਕਾਰਿਆ?"

"ਨਾਨਕ ਕੀ ਤੂੰ ਇੱਕ ਬੂੰਦ ਸਾਗਰ 'ਚ ਪਾ ਉਹੀ ਬੂੰਦ ਮੁੜ ਵਾਪਿਸ ਕੱਢ ਸਕਦਾ ਹੈ?"

"ਨਹੀਂ ਪਾਤਸ਼ਾਹ।"

"ਪਰ ਕੀ ਜੋ ਬੂੰਦ ਤੂੰ ਸਾਗਰ ਵਿਚ ਪਾਈ ਹੈ ਕੀ ਉਹ ਬਾਕੀ ਦੇ ਸਾਗਰ ਤੋਂ ਭਿੰਨ ਹੈ ਜਾਂ ਫਿਰ ਉਹ ਸੰਪੂਰਨ ਸਾਗਰ ਹੀ ਹੈ?"

"ਸੱਚੇ ਪਾਤਸ਼ਾਹ ਉਹ ਤਾਂ ਸੰਪੂਰਨ ਸਾਗਰ ਹੀ ਹੈ।"

"ਫਿਰ ਹੇ ਨਾਨਕ, ਤੂੰ ਤੇ ਗੋਵਿੰਦ ਉਸ ਨਾਨਕ ਤੇ ਕ੍ਰਿਸ਼ਨ ਤੋਂ ਕਿਵੇਂ ਭਿੰਨ ਹੋ? ਉਹ ਵੀ ਮੇਰੇ 'ਚੋਂ ਪ੍ਰਗਟੇ ਨੇ ਤੁਸੀਂ ਵੀ ਮੇਰੇ 'ਚੋਂ ਪ੍ਰਗਟੇ ਹੋ।"

"ਪਰ ਸੱਚੇ ਪਾਤਸ਼ਾਹ, ਅਸੀਂ ਤਾਂ ਅਨਜਾਣ ਹਾਂ।"

"ਹੇ ਨਾਨਕ ਕੀ ਮੈਂ ਅਨਜਾਣ ਹਾਂ? ਮੈਂ ਤਾਂ ਤੈਨੂੰ ਤੇ ਗੋਵਿੰਦ ਨੂੰ ਇੱਕ ਪਲ਼ ਵਿਚ ਤ੍ਰਿਪਤਾ ਦੇ ਲਾਲ ਨਾਨਕ ਤੇ ਦੇਵਕੀ ਨੰਦਨ ਵਾਸੂਦੇਵ ਕ੍ਰਿਸ਼ਨ 'ਚ ਬਦਲ ਸਕਦਾ ਹਾਂ ਨਾ? ਕੀ ਮੈਂ ਅਜਿਹਾ ਕਰਨ ਦੇ ਸਮਰੱਥ ਨਹੀਂ?"

"ਨਹੀਂ ਪਾਤਸ਼ਾਹ, ਆਪ ਤਾਂ ਹਰ ਕਾਰਜ ਕਰਨ ਦੇ ਸਮਰੱਥ ਹੋ। ਆਪ ਤਾਂ 'ਕਵਾਉ' ਕਹੋ ਤਾਂ ਪੂਰਾ ਬ੍ਰਹਿਮੰਡ ਉਪਜ ਜਾਂਦਾ ਹੈ ਫਿਰ ਮੇਰੇ ਜਿਹੇ ਨੂੰ ਨਾਨਕ ਜਾਂ ਕ੍ਰਿਸ਼ਨ ਕਰਨਾ ਤਾਂ ਤੇਰੀ ਖੇਡ ਦਾ ਨਿੱਕਾ ਜਿਹਾ ਕੌਤਕ ਹੈ।"

ਪਾਰਬ੍ਰਹਮ ਨੇ ਨਾਨਕ ਤੇ ਗੋਵਿੰਦ ਨੂੰ ਤ੍ਰਿਪਤਾ ਦਾ ਲਾਲ ਤੇ ਦੇਵਕੀ ਨੰਦਨ ਕਹਿ ਬੁਲਾਇਆ ਤਾਂ ਨਾਨਕ ਨੇ ਇਸ ਤਰ੍ਹਾਂ ਕਹਿਣ ਦਾ ਕਾਰਨ ਪੁੱਛਿਆ। ਪਾਰਬ੍ਰਹਮ ਨੇ ਨਾਨਕ ਨੂੰ ਉਹ ਜੁਆਬ ਦਿੱਤਾ ਜਿਸਦੇ ਕੋਈ ਤੋੜ ਨਹੀਂ ਸੀ। ਗੋਵਿੰਦ ਚੁੱਪ ਖੜਾ ਸੀ ਤਾਂ ਪਾਰਬ੍ਰਹਮ ਨੇ ਪੁੱਛਿਆ,

"ਕੀ ਗੋਵਿੰਦ ਤੇਰਾ ਵੀ ਕੋਈ ਇਸ ਬਾਰੇ ਸਵਾਲ ਹੈ?"

"ਹਾਂ ਪਾਤਸ਼ਾਹ ਸਵਾਲ ਤਾਂ ਇਹੋ ਸੀ ਤੇ ਜੁਆਬ ਵੀ ਮਿਲ ਗਿਆ, ਪਰ ਹੇ ਪਾਰਬ੍ਰਹਮ ਇਸ ਸਮਾਜ 'ਚ ਇਹ ਗੱਲ ਹੋਈ ਤਾਂ ਲੋਕ ਤਾਂ ਸੂਲੀ ਚਾੜ ਦੇਂਦੇ ਨੇ। ਜੀਜ਼ਸ ਕ੍ਰਾਈਸਟ ਨੇ ਕਿਹਾ ਸੀ ਕਿ ਮੈਂ ਰੱਬ ਹਾਂ, ਲੋਕਾਂ ਨੇ ਉਸਨੂੰ ਸੂਲੀ ਚਾੜ੍ਹ ਦਿੱਤਾ, ਫਿਰ ਮੇਰੇ ਤੇ ਨਾਨਕ ਵਰਗਿਆਂ ਕੋਲ ਤਾਂ ਇਸਦਾ ਕੋਈ ਜੁਆਬ ਹੀ ਨਹੀਂ ਹੈ।"

"ਪਿਆਰੇ ਗੋਵਿੰਦ, ਤੇਰੇ ਕੋਲ ਸਾਰੇ ਜੁਆਬ ਨੇ, ਤੂੰ ਹੀ ਤਾਂ ਮਹਾਂਭਾਰਤ ਦੇ ਯੁੱਧ ਦੌਰਾਨ ਵਿਚਾਲੇ ਯੁੱਧ ਰੋਕ ਆਪਣੇ ਪ੍ਰਿਯ ਅਰਜੁਨ ਨੂੰ ਮੇਰੇ ਤੇ ਆਪਣੇ ਅਸਲ ਸਵਰੂਪ ਤੋਂ ਜਾਣੂ ਕਰਵਾਇਆ ਸੀ। ਕੀ ਤੈਨੂੰ ਯਾਦ ਨਹੀਂ ਤੂੰ ਆਖਿਆ ਸੀ,

**ਅਥਵਾ ਬਹੁਨਾ ਏਤੇਨ ਕਿਮ ਗਿਆਤੇਨ ਤਵ ਅਰਜੁਨ।**

**ਵਿਸ਼ਟਭਯ ਅਹਮ ਇਦਮ ਕ੍ਰਿਤਸਨਮ ਏਕਾਂਸ਼ੇਨ ਸਥਿਤੋ ਜਗਤ॥**

ਭਗਵਤ ਗੀਤਾ। ਅਧਿਆਇ ਦਸਵਾਂ। ਸਲੋਕ ੪੨.

ਤੂੰ ਕਿਹਾ ਸੀ, ਹੇ ਅਰਜੁਨ, ਤੈਨੂੰ ਇਹਨਾਂ ਸਭ ਵਿਸਤਾਰਾਂ ਦੀ ਕੀ ਲੋੜ ਹੈ? ਤੂੰ ਸਿਰਫ਼ ਏਨਾ ਸਮਝ ਲੈ ਕਿ ਮੈਂ ਆਪਣੇ ਇੱਕ ਕਿਣਕੇ ਨਾਲ ਸਮੁੱਚੇ ਬ੍ਰਹਿਮੰਡ ਦਾ ਆਧਾਰ ਅਤੇ ਆਸਰਾ ਹਾਂ।

ਗੋਵਿੰਦ ਤੇਰਾ ਇੱਕ ਕਿਣਕਾ ਹੀ ਤਾਂ ਸਮੁੱਚੇ ਬ੍ਰਹਿਮੰਡ ਦਾ ਆਧਾਰ ਹੈ, ਫਿਰ ਕੀ ਤੇਰਾ ਆਹ ਕਲਯੁਗੀ ਰੂਪ ਤੇਰੇ ਦੁਆਪਰ ਰੂਪ ਤੋਂ ਭਿੰਨ ਹੈ? ਉੱਥੇ ਵੀ ਤੂੰ ਸੀ ਇੱਥੇ ਵੀ ਤੂੰ ਹੈ ਹਰ ਥਾਂ ਤੂੰ ਹੀ ਤਾਂ ਤੂੰ ਹੈ। ਹੇ ਨਾਨਕ ਤੂੰ ਵੀ ਭੁੱਲ ਗਿਆ ਏ, ਜਰਾ ਖਿਆਲ ਕਰ ਆਦਿ ਗ੍ਰੰਥ ਵਿਚ ਤੂੰ ਨਾਮਦੇਵ ਦਾ ਰੂਪ ਧਾਰ ਆਖਿਆ ਸੀ,

**ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ॥**

**ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ॥**

**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥**

**ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥ਰਹਾਉ॥**

ਸ੍ਰੀ ਗੁਰੂ ਗ੍ਰੰਥ ਸਾਹਿਬ। ਅੰਗ ੪੮੫.

ਤੂੰ ਕਿਹਾ ਸੀ, ਇੱਕ ਪਰਮਾਤਮਾ ਅਨੇਕ ਰੂਪ ਧਾਰ ਕੇ ਹਰ ਥਾਂ ਮੌਜੂਦ ਹੈ ਤੇ ਭਰਪੂਰ ਹੈ: ਮੈਂ ਜਿੱਧਰ ਤੱਕਦਾ ਹਾਂ, ਉਹ ਪਰਮਾਤਮਾ ਹੀ ਮੌਜੂਦ ਹੈ॥ ਪਰ ਇਹ ਭੇਤ ਕੋਈ ਵਿਰਲਾ ਬੰਦਾ ਸਮਝਦਾ ਹੈ, ਕਿਉਂਕਿ ਜੀਵ ਆਮ ਤੌਰ ਤੇ ਮਾਇਆ ਦੇ ਰੰਗਾ-ਰੰਗ ਦੇ ਰੂਪਾਂ ਵਿਚ ਚੰਗੀ ਤਰ੍ਹਾਂ ਮੋਹੇ ਪਏ ਹਨ॥ ਹਰ ਥਾਂ ਪਰਮਾਤਮਾ ਹੈ, ਹਰ ਥਾਂ ਪਰਮਾਤਮਾ ਹੈ, ਪਰਮਾਤਮਾ

ਤੋਂ ਸੱਖਣੀ ਕੋਈ ਥਾਂ ਨਹੀਂ॥ ਜਿਵੇਂ ਇੱਕ ਧਾਗਾ ਹੋਵੇ ਤੇ ਉਸਦੇ ਸੈਂਕੜੇ ਹਜ਼ਾਰਾਂ ਮਣਕੇ ਪ੍ਰੋਤੇ ਹੋਏ ਹੋਣ ਇਸੇ ਤਰ੍ਹਾਂ ਸਭ ਜੀਵਾਂ ਵਿਚ ਪਰਮਾਤਮਾ ਦੀ ਹੀ ਜੀਵਨ-ਸੱਤਾ ਮਿਲੀ ਹੋਈ ਹੈ, ਜਿਵੇਂ ਤਾਣੇ-ਪਾਟੇ ਵਿਚ ਧਾਗੇ ਮਿਲੇ ਹੋਏ ਹਨ, ਤਿਵੇਂ ਉਹੀ ਪਰਮਾਤਮਾ ਸਭ ਵਿਚ ਮਿਲਿਆ ਹੋਇਆ ਹੈ॥ਰਹਾਉ॥

ਨਾਨਕ ਇਹ ਤੇਰੇ ਕਹੇ ਹੀ ਤਾਂ ਸ਼ਬਦ ਨੇ। ਨਾਮਦੇਵ ਰੂਪ ਵੀ ਤਾਂ ਤੇਰਾ ਹੀ ਸੀ, ਕ੍ਰਿਸ਼ਨ ਦਾ ਰੂਪ ਵੀ ਤਾਂ ਤੇਰਾ ਹੀ ਸੀ, ਇਸ ਜਗਤ ਵਿਚ ਜਿਵੇਂ ਤੂੰ ਮੇਰਾ ਅੰਸ਼ ਹੈ ਉਸੇ ਪ੍ਰਕਾਰ ਪੂਰੇ ਸੰਸਾਰ ਵਿਚ ਤੇਰੇ ਹੀ ਅੰਸ਼ ਦਾ ਫੈਲਾਅ ਹੈ, ਤੂੰ ਆਪ ਦੱਸਦੇ ਭਿੰਨਤਾ ਕਿੱਥੇ ਹੈ?"

ਨਾਨਕ ਨੇ ਪਾਰਬ੍ਰਹਮ ਦੀ ਗੱਲ ਨੂੰ ਸੁਣਿਆ ਤੇ ਤਦ ਤੱਕ ਸੁਣਿਆ ਜਦ ਤੱਕ ਪਾਰਬ੍ਰਹਮ ਨੇ ਆਪਣੇ ਸ਼ਬਦਾਂ ਤੇ ਰੋਕ ਨਹੀਂ ਲਾਈ। ਪਾਰਬ੍ਰਹਮ ਦੇ ਚੁੱਪ ਹੁੰਦੇ ਹੀ ਕੁਝ ਪਲ਼ਾਂ ਪਿੱਛੋਂ ਹੀ ਨਾਨਕ ਬੋਲਿਆ,

"ਹੇ ਕੇਸ਼ਵ, ਆਪਦੀਆਂ ਕਹੀਆਂ ਗੱਲਾਂ ਸਾਡੇ ਧੁਰ ਅੰਦਰ ਤੱਕ ਘਰ ਕਰਦੀਆਂ ਜਾਂਦੀਆਂ ਨੇ। ਆਪ ਦੀ ਇੱਕ ਇੱਕ ਗੱਲ ਉਵੇਂ ਹੀ ਸੱਚ ਹੈ ਜਿਵੇਂ ਆਪਦਾ ਇਹ ਪ੍ਰਕਾਸ਼ਮਾਨ ਸਵਰੂਪ। ਆਪਨੇ ਕਿਹਾ ਕਿ ਉਹ ਨਾਨਕ ਮੈਂ ਸੀ, ਉਹ ਨਾਮਦੇਵ ਮੈਂ ਸੀ, ਇਹ ਨਾਨਕ ਵੀ ਮੈਂ ਹਾਂ ਤੇ ਜੋ ਵੀ ਮੈਂ ਹਾਂ ਕੀ ਮੇਰੇ ਪਾਤਸ਼ਾਹ ਉਹ ਸਭ ਤੂੰ ਹੈ? ਕੀ ਤੇਰੇ ਤੇ ਮੇਰੇ ਵਿਚ ਕੋਈ ਅੰਤਰ ਨਹੀਂ?"

"ਹਾਂ ਨਾਨਕ, ਤੂੰ ਬਿਲਕੁਲ ਠੀਕ ਕਿਹਾ ਹੈ, ਤੇਰੇ ਤੇ ਮੇਰੇ ਵਿਚ ਕੋਈ ਭੇਤ ਨਹੀਂ, ਤੈਨੂੰ ਯਾਦ ਹੋਵੇ ਤਾਂ ਰਵੀਦਾਸ ਦੇ ਰੂਪ 'ਚ ਤੂੰ ਆਪ ਹੀ ਇਹ ਗੱਲ ਨੂੰ ਪੁਖਤਾ ਕੀਤਾ ਸੀ। ਤੂੰ ਆਖਿਆ ਸੀ,

**ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥**

**ਕਨਕ ਕਟਕ ਜਲ ਤਰੰਗ ਜੈਸਾ॥**

ਸ੍ਰੀ ਗੁਰੂ ਗ੍ਰੰਥ ਸਾਹਿਬ। ਅੰਗ ੯੩.

ਭਾਵ, ਹੇ ਪਰਮਾਤਮਾ ਤੇਰੀ ਮੇਰੇ ਨਾਲੋਂ, ਮੇਰੀ ਤੇਰੇ ਨਾਲੋਂ ਅਸਲ ਵਿੱਥ ਕਿਹੋ ਜਿਹੀ ਹੈ? ਉਹੋ ਜਿਹੀ ਹੀ ਹੈ ਜਿਹੀ ਸੋਨੇ ਤੇ ਸੋਨੇ ਦੇ ਕੜਿਆਂ ਦੀ, ਜਾਂ, ਪਾਣੀ ਤੇ ਪਾਣੀ ਦੀਆਂ ਲਹਿਰਾਂ ਦੀ ਹੈ॥

ਸੋ ਹੇ ਨਾਨਕ, ਤੇਰੇ ਤੇ ਮੇਰੇ 'ਚ ਕਿਸੇ ਤਰ੍ਹਾਂ ਦੀ ਕੋਈ ਵਿੱਥ ਨਹੀਂ ਹੈ, ਇਸ ਸ੍ਰਿਸ਼ਟੀ ਦਾ ਪ੍ਰਤੀਏਕ ਕਣ ਤੂੰ ਹੈ ਤੇ ਉਹ ਕਣ ਮੈਂ ਹਾਂ, ਐਸਾ ਕੁਝ ਵੀ ਨਹੀਂ ਹੈ ਜੋ ਮੇਰੇ ਤੋਂ ਭਿੰਨ ਹੈ। ਜੋ ਤੂੰ ਹੈ ਉਹੀ ਮੈਂ ਹਾਂ।"

ਗੋਵਿੰਦ ਪਾਰਬ੍ਰਹਮ ਦੀਆਂ ਗੱਲਾਂ ਬੜੇ ਗੌਰ ਨਾਲ ਸੁਣ ਰਿਹਾ ਸੀ। ਜਿਉਂ ਹੀ ਪਰਮਾਤਮਾ ਨੇ ਕੁਝ ਪਲ਼ ਲਈ ਸ਼ਬਦਾਂ 'ਤੇ ਰੋਕ ਲਾਈ ਤਾਂ ਗੋਵਿੰਦ ਬੋਲਿਆ,

"ਹੇ ਪਰਮੇਸ਼ਰ, ਅਸੀਂ ਇਹ ਪੂਰੀ ਤਰ੍ਹਾਂ ਜਾਣ ਗਏ ਹਾਂ ਕਿ ਆਪਦੇ ਤੇ ਸਾਡੇ ਵਿਚ ਕਿਸੇ ਪ੍ਰਕਾਰ ਦੀ ਕੋਈ ਭਿੰਨਤਾ ਨਹੀਂ ਹੈ, ਜੋ ਵੀ ਆਪ ਨੇ ਇਹ ਸ੍ਰਿਸ਼ਟੀ ਵਿਚ ਸਿਰਜਿਆ ਹੈ ਉਹ ਸਾਡਾ ਹੀ ਸਮਾਨ ਰੂਪ ਹੈ। ਅਸੀਂ ਉਸੇ ਤਰ੍ਹਾਂ ਹੀ ਇਸ ਬ੍ਰਹਮੰਡ ਦਾ ਕੇਂਦਰ ਹਾਂ, ਅੰਸ਼ ਹਾਂ ਜਿਵੇਂ ਕਿ ਆਪ ਹੋ। ਪਰ ਹੇ ਅਨਾਦਿ, ਜੇਕਰ ਅਸੀਂ ਆਪ ਨਾਲੋਂ ਭਿੰਨ ਨਹੀਂ ਫਿਰ ਸਾਡੇ ਨਾਲ ਵਿਤਕਰਾ ਕੈਸਾ? ਸਾਡੇ ਪੈਰਾਂ ਵਿਚ ਆਹ ਸੁੱਖ ਦੁੱਖ ਦੀਆਂ ਬੇੜੀਆਂ ਕਿਉਂ? ਅਸੀਂ ਤਾਂ ਨਹੀਂ ਚਾਹੁੰਦੇ ਕਿ ਅਸੀਂ ਇਹ ਸੁੱਖ ਦੁੱਖ ਨੂੰ ਆਪਣਾ ਹਿੱਸਾ ਬਣਾਈਏ। ਹੇ ਪਰਮ ਪਿਤਾ, ਆਪ ਖ਼ੁਦ ਹੀ ਨਾਨਕ ਤਰਫ਼ ਦੇਖੋ, ਉਸ ਨਾਲ ਕਿੰਨਾ ਵਿਤਕਰਾ ਹੈ, ਉਸਦੇ ਜੰਮਦੇ ਹੀ ਉਸਦੀ ਮਾਂ ਨਹੀਂ ਰਹੀ, ਜਵਾਨ ਹੁੰਦੇ ਪਿਤਾ ਚਲਾ ਗਿਆ ਤੇ ਜਵਾਨ ਭੈਣ ਨੂੰ ਵੀ ਆਪਣੇ ਹੱਥੀਂ ਸਾੜਿਆ। ਅਜੇ ਤਾਂ ਇਹਦਾ ਦੁੱਖ ਮੁੱਕਿਆ ਨਹੀਂ ਕਿ ਇਸਨੇ ਆਪਣੀਆਂ ਦੋਵੇਂ ਲੱਤਾਂ ਵੀ ਗਵਾ ਲਈਆਂ। ਇਹ ਕੈਸੀ ਸਮਾਨਤਾ ਹੈ ਆਪਣੇ ਦਰਮਿਆਨ ਕੇਸ਼ਵ। ਆਪ ਤਾਂ ਇਹ ਸਭ ਚੀਜ਼ਾਂ ਤੋਂ ਮੁਕਤ ਹੋ ਫਿਰ ਸਾਡੇ ਉੱਤੇ ਇਹ ਬੰਦਿਸ਼ਾਂ ਕਿਉਂ।"

"ਪਿਆਰੇ ਗੋਵਿੰਦ, ਇਹ ਸੁੱਖ-ਦੁੱਖ ਸਰੀਰ ਰੂਪੀ ਕੱਪੜੇ ਨੇ। ਜਦੋਂ ਮੈਲੇ ਹੋ ਜਾਂਦੇ ਨੇ ਉਤਾਰ ਦੇਂਦੇ ਹਾਂ ਤੇ ਫਿਰ ਧੋਤੇ ਪਾ ਲੈਂਦੇ ਹਾਂ। ਇਹ ਹਸੀ ਗਮੀ, ਪੀੜ, ਆਉਣਾ ਜਾਣਾ, ਚਿੰਤਾਵਾਂ, ਸਭ ਹੀ ਬਸ ਕੁਝ ਵਕਤ ਲਈ ਹੀ ਨੇ। ਜਦੋਂ ਹੀ ਤੁਸੀਂ ਇਹ ਜਾਣ ਲੈਂਦੇ ਹੋ ਕਿ ਤੁਸੀਂ ਮੇਰੇ ਨਾਲੋਂ ਭਿੰਨ ਨਹੀਂ ਇਹ ਸਭ ਚਿੰਤਾਵਾਂ, ਸੁੱਖਾਂ ਦੁੱਖਾਂ ਤੋਂ ਮੁਕਤ ਹੋ ਜਾਂਦੇ ਹੋ ਤੇ ਮੇਰੇ

ਨਾਲ ਇੱਕ ਰੂਪ ਹੋ ਜਾਂਦੇ ਹੋ। ਫਿਰ ਤੁਹਾਨੂੰ ਕਿਸੇ ਪ੍ਰਕਾਰ ਦਾ ਕੋਈ ਦੁੱਖ ਛੋਹ ਨਹੀਂ ਪਾਉਂਦਾ। ਹੇ ਗੋਵਿੰਦ ਤੈਨੂੰ ਵਾਰ ਵਾਰ ਯਾਦ ਕਰਾਉਣਾ ਪੈ ਰਿਹਾ ਹੈ, ਤੂੰ ਭੁੱਲਦਾ ਜਾਂਦਾ ਹੈ। ਕੀ ਤੈਨੂੰ ਯਾਦ ਨਹੀਂ ਤੂੰ ਹੀ ਮਹਾਂਭਾਰਤ ਦੇ ਯੁੱਧ ਦੌਰਾਨ ਅਰਜਨ ਨੂੰ ਸੁੱਖ ਦੁੱਖ ਦਾ ਪਾਠ ਪੜ੍ਹਾਉਂਦੇ ਕਿਹਾ ਸੀ,

**ਨ ਪ੍ਰਹ੍ਰਿਸ਼ਯੇਤਪ੍ਰਿਯਮ ਪ੍ਰਾਪਯ ਨ ਉਦਵਿਜੇਤ ਪ੍ਰਾਪਯ ਚ ਅਪ੍ਰਿਯਮ।**

**ਸਥਿਰਬੁੱਧਿ ਅਸੱਮੂਢ ਬ੍ਰਹਮਵਿਤ ਬ੍ਰਹਮਣਿ ਸਥਿਤ॥**

ਭਗਵਤ ਗੀਤਾ। ਅਧਿਆਇ ਪੰਜਵਾਂ। ਸਲੋਕ ੨੦.

ਤੂੰ ਅਰਜੁਨ ਨੂੰ ਕਿਹਾ ਸੀ, ਜਿਹੜਾ ਵਿਅਕਤੀ ਨਾ ਹੀ ਕੁਝ ਸੁਖਦਾਈ ਜਾਂ ਸੁਖਾਵਾਂ ਮਿਲ ਜਾਣ ਤੇ ਖੁਸ਼ ਹੁੰਦਾ ਹੈ ਅਤੇ ਨਾ ਹੀ ਕੁਝ ਅਣਸੁਖਾਵਾਂ ਜਾਂ ਦੁਖਦਾਈ ਮਿਲ ਜਾਣ ਤੇ ਦੁਖੀ ਹੁੰਦਾ ਹੈ, ਜਿਸ ਦੀ ਸੋਚ ਥਿਰ ਹੈ ਅਤੇ ਜੋ ਭਰਮ ਦਾ ਸ਼ਿਕਾਰ ਨਹੀਂ ਹੁੰਦਾ, ਉਹ ਬ੍ਰਹਮ ਦਾ ਗਿਆਤਾ ਹੈ ਅਤੇ ਪਰਮਾਤਮਾ ਵਿਚ ਸਥਿਰ ਹੈ।

ਸੋ ਹੇ ਦੁਆਪਰ ਦੇ ਵਾਸੂਦੇਵ ਕ੍ਰਿਸ਼ਨ ਤੂੰ ਆਪਣੀਆਂ ਹੀ ਕਹੀਆਂ ਗੱਲਾਂ ਅਗਰ ਭੁੱਲੇਗਾ ਤਾਂ ਸੁੱਖ ਦੁੱਖ ਦੇ ਗੇੜ 'ਚ ਤਾਂ ਪਵੇਂਗਾ ਹੀ। ਇਸ 'ਚ ਮੇਰਾ ਕੋਈ ਦੋਸ਼ ਨਹੀਂ ਹੈ। ਇਹ ਤੇਰੀ ਆਪਣੀ ਲੀਲਾ ਹੈ, ਤੂੰ ਜੋ ਕੁਝ ਯਾਦ ਰੱਖੇਗਾ ਉਹੀ ਯਾਦ ਰਹੇਗਾ, ਉਸੇ ਪ੍ਰਕਾਰ ਹੀ ਤੂੰ ਕਾਰਜ ਕਰੇਗਾ। ਗੋਵਿੰਦ ਤੂੰ ਸੁੱਖ ਦੁੱਖ ਨੂੰ ਬਸ ਇੱਕ ਗੇੜਾ ਮੰਨ ਤੇ ਮੈਨੂੰ ਚੇਤੇ ਰੱਖ ਕਿ ਤੂੰ ਮੇਰਾ ਸਵਰੂਪ ਹੈ ਕੋਈ ਵੀ ਸੁੱਖ ਦੁੱਖ ਤੇਰੇ ਨੇੜੇ ਨਹੀਂ ਆ ਸਕੇਗਾ।"

ਗੋਵਿੰਦ ਨੇ ਪਾਰਬ੍ਰਹਮ ਦੀਆਂ ਗੱਲਾਂ ਬੜੇ ਹੀ ਧਿਆਨ ਨਾਲ ਸੁਣੀਆਂ ਤੇ ਅਮਲ ਵੀ ਕੀਤਾ। ਨਾਨਕ ਦੇ ਮਨ ਅੰਦਰ ਵਿਚਾਰ ਆਈ ਤੇ ਉਸਨੇ ਕਿਹਾ,

"ਹੇ ਪਾਰਬ੍ਰਹਮ, ਆਪਣੇ ਕਿਹਾ ਕਿ ਗੋਵਿੰਦ ਦੇ ਕੀਤੇ ਕਾਰਜਾਂ 'ਚ ਆਪਦਾ ਕੋਈ ਦੋਸ਼ ਨਹੀਂ, ਇਹ ਗੋਵਿੰਦ ਦੀ ਲੀਲਾ ਹੈ, ਪਰ ਹੇ ਸਚਦਾਨੰਦ ਸਵਰੂਪ, ਜੇਕਰ ਸਭ ਥਾਂ ਆਪ ਹੋ, ਮੈਂ ਵੀ ਆਪ ਹੋ, ਗੋਵਿੰਦ ਵੀ ਆਪ ਹੋ ਤਾਂ ਫਿਰ ਸਭੇ ਕਾਰਜ ਵੀ ਤਾਂ ਆਪ ਹੀ ਕਰ ਰਹੇ ਹੋ।

ਕੀ ਕੋਈ ਐਸਾ ਕਾਰਜ ਹੈ ਜੋ ਸਾਡੀ ਇੱਛਾ ਨਾਲ ਹੋ ਰਿਹਾ ਹੋਵੇ? ਸਭ ਕੁਝ ਤਾਂ ਆਪਦਾ ਕਿਣਕਾ ਮਾਤਰ ਹੈ ਪਾਰਬ੍ਰਹਮ।"

"ਤੂੰ ਦਰੁਸਤ ਕਿਹਾ ਹੈ ਪਿਆਰੇ ਨਾਨਕ, ਮੈਨੂੰ ਬੜੀ ਖੁਸ਼ੀ ਹੋਈ ਕਿ ਤੂੰ ਇਹ ਜਾਣ ਲਿਆ ਹੈ ਕਿ ਸਭ ਕੁਝ ਹੀ ਮੈਂ ਹਾਂ ਤੇ ਸਭ ਕੁਝ ਮੇਰੀ ਆਗਿਆ ਨਾਲ ਹੋ ਰਿਹਾ ਹੈ। ਆਹ ਧਰਤੀ ਆਕਾਸ਼ ਸਭ ਮੇਰੀ ਹੀ ਆਗਿਆ 'ਚ ਪ੍ਰਵਾਸ ਕਰ ਰਹੇ ਨੇ, ਇੱਕ ਝਰਨੇ ਤੋਂ ਡਿੱਗਦੀ ਬੂੰਦ ਤੱਕ ਮੇਰੇ ਹੁਕਮ 'ਚ ਡਿੱਗਦੀ ਹੈ। ਮੈਂ ਜਦੋਂ ਚਾਹਾਂ ਤਾਂ ਇਹ ਸਾਰਾ ਪਸਾਰਾ ਰੋਕ ਦਿਆਂ। ਮੈਂ ਹੀ ਕ੍ਰਿਸ਼ਨ ਬਣ, ਇਹ ਮੇਰੀ ਬਣਾਈ ਹੋਈ ਸ੍ਰਿਸ਼ਟੀ ਅਣਮਿੱਥੇ ਵਕਤ ਲਈ ਰੋਕ ਕੇ ਤੇ ਮੈਂ ਹੀ ਅਰਜੁਨ ਬਣ ਕ੍ਰਿਸ਼ਨ ਤੋਂ ਗੀਤਾ ਦਾ ਉਪਦੇਸ਼ ਲਿਆ ਸੀ। ਮੈਂ ਹੀ ਗੀਤਾ ਦੇ ਸ਼ਬਦਾਂ ਦਾ ਰੂਪ ਲਿਆ ਸੀ। ਮੈਂ ਹੀ ਨਾਨਕ ਤੋਂ ਦਸ ਗੁਰੂ ਸਾਹਿਬਾਨ ਦੇ ਰੂਪ 'ਚ ਆਇਆ, ਮੈਂ ਹੀ ਭਗਤਾਂ, ਭੱਟਾਂ ਆਦਿ ਦਾ ਰੂਪ ਲੈ ਆਦਿ ਗ੍ਰੰਥ 'ਚ ਬਿਰਾਜਮਾਨ ਹੋਇਆ ਹਾਂ। ਏਥੇ ਜੋ ਵੀ ਹੈ ਸਭ ਮੈਂ ਹਾਂ।"

ਨਾਨਕ ਤੂੰ ਆਪਣੀ ਪੰਜਵੀਂ ਜੋਤ 'ਚ ਜਦੋਂ ਅਰਜਨ ਦੇਵ ਬਣ ਆਇਆ ਸੀ ਤਾਂ ਮੈਂ ਤੇਰੇ ਮੂੰਹੋਂ ਹੀ ਅਖਵਾਇਆ ਸੀ,

**ਸੋ ਅੰਤਰਿ ਸੋ ਬਾਹਰਿ ਅਨੰਤ॥**

**ਘਟਿ ਘਟਿ ਬਿਆਪਿ ਰਹਿਆ ਭਗਵੰਤ॥**

**ਧਰਨਿ ਮਾਹਿ ਆਕਾਸ ਪਇਆਲ॥**

**ਸਰਬ ਲੋਕ ਪੂਰਨ ਪ੍ਰਤਿਪਾਲ॥**

**ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥**

**ਜੈਸੀ ਆਗਿਆ ਤੈਸਾ ਕਰਮੁ॥**

**ਪਉਣ ਪਾਣੀ ਬੈਸੰਤਰ ਮਾਹਿ॥**

**ਚਾਰਿ ਕੁੰਟ ਦਹ ਦਿਸੇ ਸਮਾਹਿ॥**

**ਤਿਸ ਤੇ ਭਿੰਨ ਨਹੀ ਕੋ ਠਾਉ॥**

**ਗੁਰਪ੍ਰਸਾਦਿ ਨਾਨਕ ਸੁਖੁ ਪਾਉ॥**

ਸ੍ਰੀ ਗੁਰੂ ਗ੍ਰੰਥ ਸਾਹਿਬ। ਅੰਗ ੨੯੩.

ਬੇਅੰਤ ਭਗਵਾਨ ਅੰਦਰ ਬਾਹਰ ਸਭ ਥਾਈਂ ਹਰੇਕ ਸਰੀਰ ਵਿਚ ਮੌਜੂਦ ਹੈ॥ ਧਰਤੀ ਅਕਾਸ਼ ਤੇ ਪਤਾਲ ਵਿਚ ਹੈ, ਸਾਰੇ ਭਵਨਾਂ ਵਿਚ ਮੌਜੂਦ ਹੈ ਤੇ ਸਭ ਦੀ ਪਾਲਨਾ ਕਰਦਾ ਹੈ; ਉਹ ਪਾਰਬ੍ਰਹਮ ਜੰਗਲ ਵਿਚ ਹੈ, ਘਾਹ ਆਦਿਕ ਵਿਚ ਹੈ ਤੇ ਪਰਬਤ ਵਿਚ ਹੈ; ਜਿਹੋ ਜਿਹਾ ਉਹ ਹੁਕਮ ਕਰਦਾ ਹੈ, ਉਹੋ ਜਿਹਾ ਜੀਵ ਕੰਮ ਕਰਦਾ ਹੈ; ਪਉਣ ਵਿਚ, ਪਾਣੀ ਵਿਚ, ਅੱਗ ਵਿਚ, ਚਹੁੰ ਕੂਟਾਂ ਵਿਚ ਦਸੀਂ ਪਾਸੀਂ ਸਭ ਥਾਈਂ ਸਮਾਇਆ ਹੋਇਆ ਹੈ॥ ਕੋਈ ਭੀ ਥਾਂ ਉਸ ਪ੍ਰਭੂ ਤੋਂ ਵੱਖਰਾ ਨਹੀਂ ਹੈ; ਪਰ ਹੇ ਨਾਨਕ! ਇਸ ਨਿਸਚੇ ਦਾ ਆਨੰਦ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ॥

ਨਾਨਕ ਇਹ ਤੇਰਾ ਹੀ ਮੇਰੇ ਬਾਰੇ ਲਿਖਿਆ ਹੈ, ਅਜੇ ਹੋਰ ਵੀ ਹੈ, ਮੈਂ ਕੀ ਕੀ ਗਿਣਾਵਾਂ।

ਪਾਰਬ੍ਰਹਮ ਆਪਣੀ ਮਹਿਮਾ ਗਿਣਾਉਂਦਾ ਅਜੇ ਇੱਕ ਹੀ ਪਲ਼ ਲਈ ਮੋਨ ਹੋਇਆ ਤਾਂ ਨਾਨਕ ਬੋਲਿਆ,

"ਹੇ ਪਾਰਬ੍ਰਹਮ ਜੇਕਰ ਸਭ ਕੁਝ ਹੀ ਆਪ ਹੋ ਤਾਂ ਫਿਰ ਇਹ ਸਭ ਵਰਤਾਰਾ ਆਪਦੇ ਹੁਕਮ 'ਚ ਹੋ ਰਿਹਾ ਹੋਵੇਗਾ? ਅਗਰ ਆਪ ਦੇ ਹੁਕਮ 'ਚ ਹੀ ਸਭ ਹੋ ਰਿਹਾ ਹੈ ਤਾਂ ਫਿਰ ਅਸੀਂ ਏਥੇ ਮੇਰੀ ਮੇਰੀ ਦੇ ਪਿੱਛੇ ਕਿਉਂ ਲੱਗੇ ਹੋਏ ਹਾਂ, ਮੇਰਾ ਘਰ, ਮੇਰੀ ਕਾਰ, ਮੇਰੀ ਧੀ, ਮੇਰੀ ਪਤਨੀ, ਮੇਰਾ ਪਤੀ, ਮੇਰਾ ਸਕੂਲ, ਮੇਰਾ ਕਾਲਜ, ਮੇਰਾ ਪੈਸਾ, ਮੇਰਾ ਧੰਨ, ਮੇਰੀ ਦੌਲਤ। ਇਹ ਸਭ ਕਿਉਂ, ਹੇ ਪਾਰਬ੍ਰਹਮ? ਸਾਨੂੰ ਤਾਂ ਇਸ ਗੇੜ 'ਚ ਨਹੀਂ

ਆਉਣਾ ਚਾਹੀਦਾ, ਸਾਨੂੰ ਤਾਂ ਬਸ ਤੂੰ ਕਰਕੇ ਜਾਣਨਾ ਚਾਹੀਦਾ ਹੈ। ਫਿਰ ਸਾਡੇ 'ਚ ਇਹ ਹਉਮੈ ਕਿਉਂ ਸੱਚੇ ਪਾਤਸ਼ਾਹ?"

"ਹਾਂ ਨਾਨਕ, ਇਹ ਸਭ ਮੇਰੇ ਹੁਕਮ 'ਚ ਹੈ। ਨਾਨਕ, ਜਦੋਂ ਤੂੰ ਪਹਿਲੇ ਨਾਨਕ ਰੂਪ 'ਚ ਪ੍ਰਗਟ ਹੋਇਆ ਸੀ ਤਾਂ ਤੂੰ ਜਪੁਜੀ 'ਚ ਆਪ ਹੀ ਲਿਖਿਆ ਸੀ,

**ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥**

**ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥**

**ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥**

**ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥**

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥**

**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥**

ਸ੍ਰੀ ਗੁਰੂ ਗ੍ਰੰਥ ਸਾਹਿਬ। ਅੰਗ ੧.

ਨਾਨਕ ਤੂੰ ਆਪ ਹੀ ਆਖਿਆ ਕਿ, ਅਕਾਲ ਪੁਰਖ ਦੇ ਹੁਕਮ ਅਨੁਸਾਰ ਸਾਰੇ ਸਰੀਰ ਬਣਦੇ ਹਨ, ਪਰ ਇਹ ਹੁਕਮ ਦੱਸਿਆ ਨਹੀਂ ਜਾ ਸਕਦਾ ਕਿ ਕਿਹੋ ਜਿਹਾ ਹੈ॥ ਰੱਬ ਦੇ ਹੁਕਮ ਅਨੁਸਾਰ ਹੀ ਸਾਰੇ ਜੀਵ ਜੰਮ ਪੈਂਦੇ ਹਨ ਅਤੇ ਹੁਕਮ ਅਨੁਸਾਰ ਹੀ ਰੱਬ ਦੇ ਦਰ 'ਤੇ ਸ਼ੋਭਾ ਮਿਲਦੀ ਹੈ॥ ਰੱਬ ਦੇ ਹੁਕਮ ਵਿਚ ਕੋਈ ਮਨੁੱਖ ਚੰਗਾ ਬਣ ਜਾਂਦਾ ਹੈ, ਕੋਈ ਭੈੜਾ॥ ਉਸ ਦੇ ਹੁਕਮ ਵਿਚ ਹੀ ਆਪਣੇ ਕੀਤੇ ਹੋਏ ਕਰਮਾਂ ਦੇ ਲਿਖੇ ਅਨੁਸਾਰ ਦੁੱਖ ਤੇ ਸੁਖ ਭੋਗੀਦੇ ਹਨ॥ ਹੁਕਮ ਵਿਚ ਹੀ ਕਦੀ ਮਨੁੱਖਾਂ ਉੱਤੇ ਅਕਾਲ ਪੁਰਖ ਦੇ ਦਰ ਤੋਂ ਬਖ਼ਸ਼ਸ਼ ਹੁੰਦੀ ਹੈ, ਅਤੇ ਉਸ ਦੇ ਹੁਕਮ ਵਿਚ ਹੀ ਕਈ ਮਨੁੱਖ ਨਿੱਤ ਜਨਮ ਮਰਨ ਦੇ ਗੇੜ ਵਿਚ ਭਵਾਈਦੇ ਹਨ॥ ਹਰੇਕ ਜੀਵ ਰੱਬ ਦੇ ਹੁਕਮ ਵਿਚ ਹੀ ਹੈ, ਕੋਈ ਜੀਵ ਹੁਕਮ ਤੋਂ ਬਾਹਰ ਭਾਵ, ਹੁਕਮ ਤੋ ਆਕੀ ਨਹੀਂ ਹੋ ਸਕਦਾ॥ ਹੇ ਨਾਨਕ! ਜੇ ਕੋਈ ਮਨੁੱਖ ਅਕਾਲ

ਪੁਰਖ ਦੇ ਹੁਕਮ ਨੂੰ ਸਮਝ ਲਏ ਤਾਂ ਫਿਰ ਉਹ ਸੁਆਰਥ ਦੀਆਂ ਗੱਲਾਂ ਨਹੀਂ ਕਰਦਾ ਭਾਵ, ਫਿਰ ਉਹ ਸੁਆਰਥੀ ਜੀਵਨ ਛੱਡ ਦੇਂਦਾ ਹੈ॥

ਸੋ ਹੇ ਨਾਨਕ, ਜੋ ਵੀ ਮੇਰੇ ਹੁਕਮ 'ਚ ਹੈ ਤੇ ਜੋ ਇਸ ਹੁਕਮ ਨੂੰ ਪਛਾਣ ਲੈਂਦਾ ਹੈ ਉਹ ਮੈਨੂੰ ਜਾਣ ਲੈਂਦਾ। ਫਿਰ ਉਹ ਮੇਰੀ ਮੇਰੀ ਦਾ ਗੇੜ ਛੱਡ ਦੇਂਦਾ ਹੈ। ਉਹ ਕੇਵਲ ਤੇ ਕੇਵਲ ਤੂੰ ਆਖਦਾ ਹੈ। ਤੂੰ ਜਾਣੀ ਤੂੰ ਨਾਨਕ, ਤੂੰ ਜਾਣੀ ਤੂੰ ਗੋਵਿੰਦ, ਤੂੰ ਜਾਣੀ ਮੈਂ ਗੋਵਿੰਦ। ਤੇ ਜੋ ਮੇਰੇ ਵਿਚ ਰਲ਼ ਜਾਂਦਾ ਹੈ ਮੈਂ ਉਸਨੂੰ ਆਪਣੇ ਪ੍ਰਕਾਸ਼ ਸਵਰੂਪ 'ਚ ਪ੍ਰਕਾਸ਼ ਕਰ ਲੈਂਦਾ ਹਾਂ।"

ਪਾਰਬ੍ਰਹਮ ਚੁੱਪ ਹੋ ਗਿਆ ਤੇ ਨਾਨਕ ਵੀ, ਇੱਕ ਦਮ ਮੁੜ ਤੋਂ ਸੁੰਨ ਛਾ ਗਈ। ਪਾਰਬ੍ਰਹਮ ਮੁੜ ਤੋਂ ਬੋਲਿਆ,

"ਕੀ ਗੱਲ ਨਾਨਕ, ਹੋਰ ਕੋਈ ਸਵਾਲ ਨਹੀਂ, ਗੋਵਿੰਦ?"

ਗੋਵਿੰਦ ਨੇ ਪਾਰਬ੍ਰਹਮ ਨੂੰ ਨਿਮਰਤਾ ਸਹਿਤ ਜੁਆਬ ਦਿੱਤਾ,

"ਹੇ ਜਗਦੀਸ਼ਰ, ਜਦ ਸਭ ਆਪ ਹੋ, ਸਭ ਕੁਝ ਆਪਦੇ ਹੁਕਮ 'ਚ ਹੈ ਤਾਂ ਫਿਰ ਇਹ ਸਵਾਲ ਜੁਆਬ ਵੀ ਤਾਂ ਆਪਦੇ ਹੁਕਮ ਦਾ ਹੀ ਹਿੱਸਾ ਨੇ।"

"ਹਾਹਹਾਹਾਹਾ.. ਸੱਚ ਜਾਣ ਗਿਆ ਹੈ ਤੂੰ ਗੋਵਿੰਦ ਤੇ ਲੱਗਦਾ ਨਾਨਕ ਵੀ ਜਾਣ ਗਿਆ ਹੈ। ਪਿਆਰੇ ਕੋਈ ਵੀ ਇਹ ਸੋਚਕੇ ਕਰਮ ਕਰਦਾ ਹੈ ਕਿ ਇਹ ਉਸਦਾ ਕਰਮ ਨਹੀਂ ਬਲਕਿ ਪਰਮਾਤਮਾ ਦਾ ਜਾਣੀ ਕਿ ਮੇਰਾ ਕਰਮ ਹੈ ਤਾਂ ਉਹ ਉਸ ਕਰਮ ਨਾਲ ਕਦੇ ਨਹੀਂ ਬੱਝਦਾ। ਉਹ ਪਾਪ ਕਰੇ, ਪੁੰਨ ਕਰੇ, ਸੇਵਾ ਕਰੇ, ਦਾਨ ਕਰੇ, ਭਗਤੀ ਕਰੇ, ਕੰਮ ਕਰੇ ਨਾ ਕਰੇ, ਇਹ ਉਸਦੀ ਕਿਸੇ ਤਰ੍ਹਾਂ ਦੀ ਇੱਛਾ ਨਾਲ ਨਹੀਂ ਬਲਕਿ ਮੇਰੀ ਇੱਛਾ, ਮੇਰੇ ਹੁਕਮ 'ਚ ਹੋ ਰਿਹਾ ਹੈ। ਇਸ 'ਚ ਉਸਦਾ ਕੋਈ ਦੋਸ਼ ਨਹੀਂ। ਪਰ ਇਹ ਤਦ ਹੀ ਸੰਭਵ ਹੈ ਜਦ ਉਹ ਹਰ ਦਮ ਮੈਨੂੰ ਆਪਣੇ ਹਾਜਰ ਨਾਜਰ ਮੰਨੇਗਾ। ਉਸਦੀ ਬਿਰਤੀ ਮੇਰੇ 'ਚ ਰਹੇਗੀ। ਉਸਨੂੰ ਉਸਦੇ ਚੰਗੇ ਮਾੜੇ ਦੀ ਭੋਰਾ ਫਿਕਰ ਨਹੀਂ ਹੋਵੇਗੀ। ਉਹ ਜੋ ਵੀ ਕਰਮ ਕਰੇਗਾ, ਆਪਣਾ ਨਹੀਂ ਬਲਕਿ ਮੇਰਾ ਕਰਮ ਮੰਨ ਕਰੇਗਾ ਤਾਂ ਮੈਂ ਉਸਦੇ ਹਰ ਕਾਰਜ 'ਚ ਉਸਦੇ ਨਾਲ ਹੋਵਾਂਗਾ। ਮੈਂ ਸ੍ਰਿਸ਼ਟੀ

ਤੇ ਕਣ ਕਣ 'ਚ ਹਾਂ, ਵੈਸ਼ਾਲੇ, ਸ਼ਰਾਬ ਖਾਨੇ, ਜੂਏ ਦੇ ਅੱਡੇ ਅੰਦਰ, ਮੰਦਰ, ਮਸੀਤ, ਗੁਰਦੁਆਰੇ, ਗਿਰਜੇ ਅੰਦਰ, ਵੇਦ, ਗ੍ਰੰਥ, ਗਿਆਨ, ਧਿਆਨ, ਸੁਰਤ, ਸਬਰ, ਸੰਤੋਖ, ਅਸਤਰ, ਸ਼ਸਤਰ ਅੰਦਰ, ਰੁੱਖ, ਬੂਟੇ, ਪਹਾੜ, ਦਰਿਆ, ਪਾਣੀ ਅੰਦਰ, ਔਰਤ, ਮਰਦ, ਬੱਚਾ, ਬੁੱਢਾ, ਨਪੁੰਨਸਕ ਅੰਦਰ, ਚੁੱਪ, ਸ਼ੋਰ, ਗੁੱਸੇ, ਈਰਖਾ, ਚੁਗਲੀ, ਨਿੰਦਿਆ, ਸੱਚ, ਝੂਠ ਅੰਦਰ ਕੰਦ, ਮੂਲ, ਖੁਸ਼ਬੂ, ਬਦਬੂ, ਮਲ, ਭੋਜਨ, ਜਖ਼ਮ, ਕੋਹੜ, ਬਿਮਾਰੀ, ਤੰਦਰੁਸਤੀ, ਤਾਕਤ ਅੰਦਰ, ਜਿੱਤ, ਹਾਰ, ਪਿਆਰ, ਧੋਖਾ, ਕਾਮ, ਲੋਭ, ਮੋਹ, ਹੰਕਾਰ ਅੰਦਰ। ਐਸੀ ਕੋਈ ਥਾਂ ਨਹੀਂ ਜਿੱਥੇ ਮੈਂ ਨਹੀਂ, ਐਸਾ ਕੋਈ ਕਰਮ ਨਹੀਂ ਜੋ ਮੇਰੇ ਹੁਕਮ 'ਚ ਨਹੀਂ। ਆਪਣੀ ਇਹ ਸੰਵਾਦ ਵੀ ਮੇਰਾ ਹੁਕਮ ਹੈ।"

ਗੋਵਿੰਦ ਤੇ ਨਾਨਕ ਪਾਰਬ੍ਰਹਮ ਦੀਆਂ ਗੱਲਾਂ ਸੁਣ ਧੰਨ ਧੰਨ ਹੋਏ। ਉਹਨਾਂ ਕੋਲ ਕੋਈ ਲ਼ਫ਼ਜ਼ ਨਾ ਬਚਿਆ ਕਹਿਣ ਲਈ। ਪਾਰਬ੍ਰਹਮ ਮੁੜ ਤੋਂ ਬੋਲਿਆ,

"ਹੇ ਨਾਨਕ, ਮੈਂ ਤੇਰੇ ਦੁੱਖਾਂ ਤੋਂ ਜਾਣੂ ਹਾਂ, ਤਦੇ ਤਾਂ ਤੇਰੇ ਕੋਲ ਗੋਵਿੰਦ ਨੂੰ ਭੇਜਿਆ ਹੈ। ਮੈਂ ਤੇਰੇ ਮਿੱਤਰ ਗੋਵਿੰਦ ਦੇ ਰੂਪ 'ਚ ਤੇਰੇ ਕੋਲ ਹਾਂ ਤੇ ਹੇ ਗੋਵਿੰਦ ਮੈਂ ਨਾਨਕ ਦੇ ਰੂਪ 'ਚ ਤੇਰੇ ਕੋਲ ਹਾਂ। ਤੁਸੀਂ ਦੋਵੇਂ ਮੇਰੇ ਤੋਂ ਇੱਕ ਕਿਣਕਾ ਮਾਤਰ ਵੀ ਭਿੰਨ ਨਹੀਂ ਹੋ। ਸੋ ਹੇ ਨਾਨਕ ਆਪਣੇ ਦੁੱਖਾਂ ਲਈ ਘਬਰਾ ਨਾ, ਮੈਨੂੰ ਨੇੜੇ ਜਾਣ ਤੇ ਖ਼ੁਦ ਨੂੰ ਦੂਜਿਆਂ ਦੇ ਨੇੜੇ ਕਰ। ਹੇ ਨਾਨਕ, ਹੇ ਗੋਵਿੰਦ ਜਦੋਂ ਜਦੋਂ ਲੋੜ ਜਾਪੇਗੀ, ਮੈਂ ਆਉਂਦਾ ਰਹਾਂਗਾ।"

**ਯਦਾ ਯਦਾ ਹਿ ਧਰਮਸਯ ਗਲਾਨਿ ਭਵਤਿ ਭਾਰਤ।**

**ਅਭਯਉਤਥਾਨਮ ਅਧਰਮਸਯ ਤਦ ਆਤਮਾਨਮ ਸ੍ਰਿਜਾਮਿ ਅਹਮ॥**

ਭਗਵਤ ਗੀਤਾ। ਅਧਿਆਇ ਚੌਥਾ। ਸਲੋਕ ੭.

ਪਾਰਬ੍ਰਹਮ ਨੇ ਗੀਤਾ ਦਾ ਸਲੋਕ ਉਚਾਰਨ ਕੀਤਾ ਤੇ ਮੁੜ ਤੋਂ ਅਤਿਅੰਤ ਪ੍ਰਕਾਸ਼ 'ਚ ਹੋ ਗਿਆ। ਪ੍ਰਕਾਸ਼ ਦੇ ਵਧਣ ਦੇ ਕਰਕੇ ਹੀ ਗੋਵਿੰਦ ਤੇ ਨਾਨਕ ਦੀਆਂ ਅੱਖਾਂ ਮੁੜ ਤੋਂ ਬੰਦ ਹੋਈਆਂ ਤੇ ਉਹਨਾਂ ਦੇ ਹੱਥ ਪਾਰਬ੍ਰਹਮ ਦੇ ਨਮਸ਼ਕਾਰ ਲਈ ਜੁੜ ਗਏ। ਪਲ਼ਾਂ ਵਿਚ ਹੀ

ਪ੍ਰਕਾਸ਼ ਅਲੋਪ ਹੋ ਗਿਆ। ਸਾਰੀ ਜਿੰਨੀ ਵੀ ਸ੍ਰਿਸ਼ਟੀ ਰੁਕੀ ਜਾਪਦੀ ਸੀ ਉਹ ਮੁੜ ਤੋਂ ਚਲਣ ਅਵਸਥਾ ਵਿਚ ਆ ਗਈ। ਨਾਨਕ ਤੇ ਗੋਵਿੰਦ ਨੇ ਪ੍ਰਕਾਸ਼ ਦੇ ਅਲੋਪ ਹੁੰਦੇ ਹੀ ਇਕੱਠਿਆਂ ਹੀ ਅੱਖਾਂ ਖੋਲ੍ਹੀਆਂ। ਉਹਨਾਂ ਨੂੰ ਇੰਝ ਲੱਗਾ ਜਿਵੇਂ ਉਹ ਨਵੇਂ ਹੋ ਗਏ ਹੋਣ। ਦੋਵੇਂ ਇੱਕ ਦੂਜੇ ਵੱਲ ਵੇਖ ਖੁਸ਼ ਹੋਏ ਤੇ ਬੜੇ ਹੀ ਚਾਅ ਨਾਲ ਇੱਕ ਦੂਜੇ ਨੂੰ ਗਲ਼ ਲਾ ਲਿਆ।

ਅੱਜ 9 ਅਕਤੂਬਰ ਹੈ। ਮੁੜ ਤੋਂ ਮੇਰਾ ਜਨਮ ਦਿਨ। ਹੁਣ ਤੱਕ ਤਾਂ ਸ਼ਾਇਦ ਬਹੁਤਿਆਂ ਨੂੰ ਯਾਦ ਵੀ ਹੋ ਗਿਆ ਹੋਵੇ। ਕਿਉਂਕਿ ਹਰ ਸਾਲ ਤਾਂ ਜਨਮਦਿਨ ਦੇ ਮੌਕੇ 'ਤੇ ਕਹਾਣੀ ਆ ਜਾਂਦੀ ਹੈ। ਮੈਂ ਬਹੁਤਾ ਕੁਝ ਨਾ ਕਹਿੰਦਿਆਂ ਬਸ ਇਹੀ ਕਹਾਂਗਾ ਕਿ, ਜਿਵੇਂ ਮੈਂ ਸੱਚੇ ਪਾਤਸ਼ਾਹ ਦੇ ਹੁਕਮ 'ਚ ਚੱਲਣ ਦੀ ਕੋਸ਼ਿਸ਼ ਕਰ ਰਹਾਂ ਤੁਸੀਂ ਵੀ ਚੱਲਣਾ ਸ਼ੁਰੂ ਕਰ ਦਿਉ, ਬਰਕਤਾਂ ਨਾਲ ਘਰ ਭਰ ਜਾਣਗੇ। ਧੰਨਵਾਦ ਪਿਆਰਿਉ। ਹੱਸਦੇ ਰਹੋ, ਵੱਸਦੇ ਰਹੋ। ਪਿਆਰ ਲੁਟਾਉਂਦੇ ਰਹਿਉ। ਸਭ ਨੂੰ ਬਹੁਤ ਬਹੁਤ ਪਿਆਰ।

**ਪ੍ਰੀਤ ਸਿੰਘ ਭੈਣੀ**

+91 9779324826

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com